# ਅੰਮ੍ਰਿਤ ਕੀਰਤਨ

ਨਵੰਬਰ 2010



ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ॥

Coursty : jazzvirdee.blogspot.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਇੱਕ ਦਿਲ ਤੇ ਲੱਗਣ ਹਜ਼ਾਰ ਚੋਟਾਂ



ਇਕ ਚਿੱਤ ਦੁਖੀ ਪ੍ਰਦੇਸ ਵੱਲੋਂ,
ਦੂਜਾ ਮਿਤਰਾਂ ਦਾ ਨਾਮੋਂ ਨਿਸ਼ਾਨ ਕੋਈ ਨਹੀਂ।

ਦੋ ਦਿਨਾਂ ਲਈ ਦਿਲ ਨਾ ਕਦੇ ਮਿਲਦੇ,
ਜਦੋਂ ਜਾਨ ਇਕ ਨੂੰ ਇਕ ਜਾਨ ਕੋਈ ਨਹੀਂ।

ਬਿਨਾਂ ਸ਼ਰਧਾ ਤੋਂ ਜਗ ਤੇ ਸੰਕਲਪ ਕਰਨਾਂ,
ਬਿਨਾਂ ਪ੍ਰੇਮ ਦੇ ਇਹ ਭੀ ਦਾਨ ਕੋਈ ਨਹੀਂ।

ਦੂਰ ਬੈਠਿਆਂ ਚਿੱਠੀ ਇਕ ਘੱਲ ਦੇਣਾ,
ਜੱਗ ਰੱਖਣਾ ਇਹ ਭੀ ਅਹਿਸਾਨ ਕੋਈ ਨਹੀਂ।

ਤੁਸੀਂ ਦੂਰ ਬੈਠੇ, ਅਸੀਂ ਹਾਂ ਇਥੇ,
ਹਾਏ ਲਗਦੀਆਂ ਨੇ ਮਾਰੋ ਮਾਰ ਚੋਟਾਂ।

ਦੁੱਖ ਦਿਲਾਂ ਦੇ ਕਿਸਨੂੰ ਫੋਲ ਦਸੀਏ,
ਇਕ ਦਿਲ ਤੇ ਲਗਣ ਹਜ਼ਾਰ ਚੋਟਾਂ

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ

ਆਨਰੇਰੀ ਸਲਾਹਕਾਰ
ਸ: ਹਰਚੰਦਨ ਸਿੰਘ

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ftu Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98140 53630
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Type Setting & Designed by :
Rajpreet Singh Khural - 9915545084

# ਇਸ ਅੰਕ ਵਿਚ

ਮਿਤ੍ਰ ਅਸਾਡੜੇ ਸੇਈ 4

ਕਰਉ ਬੇਨੰਤੀਆ - ਜਿਨਾ ਰਾਸਿ ਨਾ ਸਾਚੁ ਹੈ 6

ਗੁਰਮਤਿ ਸੰਗੀਤ- ਇਕ ਵਿਲੱਖਣ ਪ੍ਰੰਪਰਾ
ਗੁਰਕ੍ਰਿਪਾਲ ਸਿੰਘ ਅਸ਼ਕ 8

ਰਾਗ ਅਤੇ ਰੁੱਤ
ਕਰਮ ਸਿੰਘ ਰਤਨ 11

ਇਕ ਸਫਲ ਇਨਸਾਨ - ਡਾ. ਗੁਰਨਾਮ ਸਿੰਘ
ਪ੍ਰੋ: ਨਵ ਸੰਗੀਤ ਸਿੰਘ 15

ਰਿਸ਼ਮ ਚਾਨਣੀ
ਡਾ. ਗੁਰਮੀਤ ਸਿੰਘ ਬੈਦਵਾਣ 17

ਸਤਵਾਂ ਗੁਰਮਤਿ ਸੰਗੀਤ ਉਤਸਵ-2010
ਡਾ. ਕੰਵਲਜੀਤ ਸਿੰਘ 18

Purpose of Going To Gurdwara
Sumeet Kaur 22

ਸੁਰ ਲਿਪੀ - ਰਾਗ - ਗੋਂਡ 25
ਨਰਿੰਦਰ ਕੌਰ

ਸੁਰ ਲਿਪੀ ਦੇ ਅਰਥ 26

**ਭੁੱਲ ਦੀ ਸੋਧ**

ਅੰਮ੍ਰਿਤ ਕੀਰਤਨ ਦੇ ਅਕਤੂਬਰ 2010 ਦੇ ਅੰਕ ਵਿਚ ਸੁਰ ਲਿਪੀ ਦੀ ਰਚਨਾ ਸ: ਹਰਿਭਜਨ ਸਿੰਘ ਜੀ ਵੱਲੋਂ ਤਿਆਰ ਕੀਤੀ ਗਈ ਸੀ। ਗਲਤੀ ਨਾਲ ਉਹਨਾਂ ਦੀ ਥਾਂ ਸ: ਜਬਰਜੰਗ ਸਿੰਘ ਦੀ ਨਾਂ ਛਪ ਗਿਆ। ਖਿਮਾ।

**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

ਬਹੁਤ ਲੰਬੇ ਸਮੇਂ ਤੋਂ ਆਪ ਜੀ ਦਾ ਮੈਗਜ਼ੀਨ ਸਾਨੂੰ ਮਿਲ ਰਿਹਾ ਹੈ। ਇਸ ਦੀ ਉਡੀਕ ਸਦਾ ਹੀ ਰਹਿੰਦੀ ਹੈ। ਮੈਂ ਸਭ ਤੋਂ ਪਹਿਲਾਂ ਕਰਉ ਬੇਨੰਤੀਆ ਪੜ੍ਹਦੀ ਹਾਂ। ਇਸ ਤੋਂ ਹਮੇਸ਼ਾਂ ਹੀ ਇਕ ਚੰਗਾ ਸੁੱਚਜਾ ਜੀਵਨ ਜੀਊਣ ਦੀ ਸਿੱਖਿਆ ਮਿਲਦੀ ਹੈ। ਤੁਹਾਡੇ ਤੇ ਵਾਹਿਗੁਰੂ ਦੀ ਬੜੀ ਕਿਰਪਾ ਹੈ ਜਿਸ ਤਰ੍ਹਾਂ ਤੁਸੀਂ ਕਦੇ ਬਾਣੀ ਦੇ ਜ਼ਰੀਏ, ਕਦੇ ਆਪਣੇ ਅਨੁਭਵਾਂ ਜਾਂ ਸਮਾਜ ਵਿਚ ਵਿਚਰ ਰਹੇ ਮਨੁੱਖਾਂ ਦੀਆਂ ਸੋਚਾਂ ਨੂੰ ਲੈ ਕੇ ਆਪ ਇਨਸਾਨ ਨੂੰ ਸਹੀ ਰਸਤੇ ਤੇ ਚੱਲਣ ਯੋਗ ਬਣਾ ਦਿੰਦੇ ਹੋ।

ਆਪ ਜੀ ਦਾ ਮੈਗਜ਼ੀਨ ਸਤੰਬਰ 2010 ਦਾ ਪ੍ਰਾਪਤ ਹੋਇਆ। ਸਾਰਾ ਬੜੇ ਪਿਆਰ ਨਾਲ ਪੜ੍ਹ ਕੇ ਰਾਤੀਂ ਇਕ ਵਜੇ ਸੁੱਤੀ। ਮਨ ਕੁਝ ਬੇਚੈਨ ਸੀ। ਨੀਂਦ ਨਹੀਂ ਸੀ ਆ ਰਹੀ, ਪਾਸਾ ਪਲਟਿਆ ਤਾਂ ਹੱਥ ਮੈਗਜ਼ੀਨ ਤੇ ਪੈ ਗਿਆ। ਬੜੇ ਪਿਆਰ ਨਾਲ ਪੜ੍ਹਿਆ ਅਤੇ ਰਾਤ ਇਸ ਤਰ੍ਹਾਂ ਲੰਘ ਗਈ ਪਤਾ ਹੀ ਨਾ ਚਲਿਆ। ਸੋ ਉਸ ਵੇਲੇ ਮਨ ਵਿਚੋਂ ਇਕ ਅਸੀਸ ਨਿਕਲੀ ਕਿ ਵਾਹਿਗੁਰੂ, ਮੈਗਜ਼ੀਨ ਭੇਜਣ ਵਾਲਿਆਂ ਨੂੰ ਹੋਰ ਤਾਕਤ ਦੇਵੋਂ ਤਾਂ ਕਿ ਸਾਡੇ ਵਰਗੇ ਬੇਚੈਨ ਲੋਕਾਂ ਵਾਸਤੇ ਦਾਰੂ ਦਾ ਕੰਮ ਕਰ ਜਾਣ। ਬੇਚੈਨੀ ਛੂ ਮੰਤਰ ਕਰਕੇ ਉੱਡ ਗਈ। ਸਵੇਰੇ ਸਵੇਰੇ ਦਾਤੇ ਦੇ ਦਰ ਤੇ ਦਰਸ਼ਨ ਕਰਨ ਨੂੰ ਮਨ ਉਤਾਵਲਾ ਹੋ ਉਠਿਆ।

ਸਤੰਬਰ ਅੰਕ ਦਾ ਢਾਢੀ ਲੇਖ ਜਾਣਕਾਰੀ ਭਰਪੂਰ ਸੀ। ਦੂਸਰਾ ਅੰਕ ਨਰਿੰਦਰਪਾਲ ਸਿੰਘ ਹੋਰਾਂ ਦਾ ਪੜ੍ਹਕੇ ਮਨ ਨੂੰ ਬਹੁਤ ਖੁਸ਼ੀ ਹੋਈ ਕਿ ਦੱਖਣੀ ਰਾਗ ਵਿਚ ਸਿਰਫ ਅੱਜ ਤਕ ਕੇਵਲ ਡਾ. ਗੁਰਨਾਮ ਸਿੰਘ ਜੀ ਨੇ ਹੀ ਗਾਇਆ ਹੈ। ਫਖਰ ਨਾਲ ਕਹਿ ਸਕਦੇ ਹਾਂ ਕਿ ਵਾਹਿਗੁਰੂ ਇਸ ਸੰਸਾਰ ਵਿਚ ਆਪ ਜੀ ਨੇ ਇਹੋ ਜਿਹੀਆਂ ਰੂਹਾਂ ਭੇਜੀਆਂ ਹਨ ਜੋ ਉਨ੍ਹਾਂ ਵੱਲੋਂ ਰਾਗਾਂ ਵਿਚ ਰਚੀ ਬਾਣੀ ਨੂੰ ਪੜ੍ਹਨ ਦਾ ਉਪਰਾਲਾ ਕਰਦੇ ਹਨ। ਪਰਮਾਤਮਾ ਵੀਰ ਗੁਰਨਾਮ ਸਿੰਘ ਜੀ ਨੂੰ ਵੱਡੀ ਤੰਦਰੁਸਤ ਉਮਰ ਬਖਸ਼ਣ ਅਤੇ ਹੋਰ ਵੀ ਕਠਿਨ ਰਾਗਾਂ ਦਾ ਗਾ ਕੇ ਸੰਗਤਾਂ ਨੂੰ ਨਿਹਾਲ ਕਰਨ।

ਸਾਡੇ ਗ੍ਰਹਿ ਵਿਖੇ ਆਪ ਜੀ ਵੱਲੋਂ ਭੇਜੀਆਂ ਮੈਗਜ਼ੀਨ ਕਾਫੀ ਲੰਬੇ ਸਮੇਂ ਤੋਂ ਆ ਰਿਹਾ ਹੈ, ਜਿਸ ਨੂੰ ਪੜ੍ਹ ਕੇ, ਤਨ ਵੀ ਅਤੇ ਮਨ ਵੀ ਦੋਹਾਂ ਵਿਚ ਖੇੜਾ ਆ ਜਾਂਦਾ ਹੈ।

ਪਰ ਕਈ ਵਾਰ ਆਪ ਜੀ ਵੱਲੋਂ ਪੁਰਾਤਨ ਸਮੇਂ ਦੇ ਰਾਗੀ ਸਿੰਘਾਂ ਬਾਰੇ ਜੋ ਬਿਰਧ ਅਵਸਥਾ ਵਿਚ ਹਨ ਜਾਂ ਇਸ ਸੰਸਾਰ ਵਿਚ ਨਹੀਂ ਹਨ, ਉਨ੍ਹਾਂ ਦੀ ਪਰਿਵਾਰਕ ਸਥਿਤੀ ਬਾਰੇ ਪੜ੍ਹ ਕੇ ਮਨ ਨੂੰ ਥੋੜ੍ਹੀ ਮਾਯੂਸੀ ਹੁੰਦੀ ਹੈ ਕਿ ਜਦੋਂ ਅਸੀਂ ਉਨ੍ਹਾਂ ਦਾ ਕੀਰਤਨ ਸੁਣਦੇ ਹਾਂ ਤਾਂ ਹਰ ਇਨਸਾਨ ਆਪਣੀ ਸ਼ਰਧਾ ਮੁਤਾਬਕ ਕੀਰਤਨ ਭੇਟਾ ਕਰਦਾ ਹੈ।

ਸੋ, ਮੇਰੀ ਆਪ ਜੀ ਅੱਗੇ ਦਿਲੀ ਬੇਨਤੀ ਹੈ ਕਿ ਆਪ ਜੀ ਥੋੜ੍ਹਾ ਬਹੁਤ ਉਪਰਾਲਾ ਕਰੋ ਅਤੇ ਆਪਣੇ ਮੈਗਜ਼ੀਨ ਰਾਹੀਂ ਸੰਗਤਾਂ ਨੂੰ ਬੇਨਤੀ ਕਰੋ। ਸੰਗਤਾਂ ਹਮੇਸ਼ਾਂ ਸਹਾਇਤਾ ਵਾਸਤੇ ਤਿਆਰ ਹੈ। ਤੁਸੀਂ ਉੱਦਮ ਕਰੋ। ਜਿਸ ਦਿਨ ਤੁਸੀਂ ਇਹ ਕਾਰਜ ਅਰੰਭੋਗੇ ਅਸੀਂ ਤਿਲ ਫੁੱਲ ਵਾਹਿਗੁਰੂ ਵੱਲੋਂ ਦਿੱਤੀ ਕਮਾਈ ਵਿਚੋਂ ਜ਼ਰੂਰ ਭੇਟਾਂ ਕਰਾਂਗੇ। ਇਕ ਇਕ ਬੂੰਦ ਨਾਲ ਸਾਗਰ ਭਰ ਜਾਂਦਾ ਹੈ। ਸੰਗਤ ਵੱਲੋਂ ਦਿੱਤਾ ਥੋੜ੍ਹਾ ਥੋੜ੍ਹਾ ਬਹੁਤ ਬਣਾ ਦਿੰਦਾ ਹੈ। ਜੁਲਾਈ ਅੰਕ ਦਾ ਕਰਉ ਬੇਨੰਤੀਆ ਵਿਚ ਆਪ ਜੀ ਨੇ ਬਾਣੀ ਦਾ ਪਰਮਾਣ ਦੇ ਕੇ ਬਹੁਤ ਕੁਝ ਦਰਸਾ ਦਿੱਤਾ ਹੈ। ਜਸਬੀਰ ਕੌਰ ਸੇਠੀ, # 581, ਫਸਟ ਫਲੋਰ, ਫੇਸ 3ਬੀ1, ਸਾਹਿਬਜ਼ਾਦਾ ਅਜੀਤ ਸਿੰਘ ਨਗਰ

In the oct. issue of Amrit Kirtan, Sumeet Kaur has contributed a very apt and commendable explanation of the meaning of the shabad ' puta mata ki aseece' The shabad is indeed a blessing of Guru jee for all of us, and it carries with it important advice.

As pointed out by Sumeet, the blessing and advice is for us to always remember God, be truthful in our living, be of virtueos conduct, etc. Respect and mukti will follow.

In short, Guru jee is saying that you may pursue God oriented living, as opposed to the self centred life style most of us aspire to.

Doctor sahib, it is ironic that while Gurbani shows no gender bias, we sing and render this shabad only at ceremonies related to the male child. Come to think of it, spiritual ceremonies related to the female child are rare. We have to change such a mind-set, it should help us in our search for God oriented truthful living. Best wishes, Rajinder , Email: ekant@sympatico.ca

Loving and revered Guru Fateh. Thanks for Amrit Keertan and I enjoy every article of it which is always very deep in knowledge. You send me a copy of that by Mail also which costs lots. PLEASE DO NOT SEND ME COPY BY MAIL. I PRINT THIS AND ENJOY IT. Guru Rakha

Shamsher Singh Puri Email: puris@bellsouth.netJavascript required

ਅਕਤੂਬਰ ਅੰਕ ਹੀ ਮਿਲਿਆ ਪੜ੍ਹ ਕੇ ਅਤਿਅੰਤ ਖੁਸ਼ੀ ਹੋਈ ਪਾਠਕਾਂ ਦੇ ਪੱਤਰ, ਕਰਉ ਬੇਨੰਤੀਆ ਏਕੁ ਸੁਆਨੁ ਕੈ ਘਰਿ ਗਾਵਨਾ ਡਾ.ਜਾਗੀਰ ਸਿੰਘ ਦੇ ਬਹੁਮੁੱਲੇ ਵੀਚਾਰ ਬਹੁਤ ਹੀ ਪਸੰਦ ਆਏ। ਬਹੁਤ ਹੀ ਜਾਣਕਾਰੀ ਪ੍ਰਾਪਤ ਹੋਈ। ਗੁਰੂ ਨਾਨਕ ਦੇਵ ਜੀ ਦੀ ਕਾਵਿ-ਸੰਗੀਤ ਕਲਾ ਲੇਖ ਵੱਲੋਂ ਡਾ. ਹਰਬੰਸ ਸਿੰਘ, ਪੂਤਾ ਮਾਤਾ ਕੀ ਆਸੀਸ ਲੇਖ ਵੱਲੋਂ ਬੀਬੀ ਸੁਮੀਤ ਕੌਰ ਦਾ ਲੇਖ ਖੋਜ ਭਰਪੂਰ ਸੀ। ਭਾਈ ਮਰਦਾਨਾ ਬਾਰੇ ਲੇਖ ਵੱਲੋਂ ਡਾ. ਰਤਨ ਸਿੰਘ ਜੱਗੀ, ਰਾਗ ਤਿਲੰਗ ਵਿਚ ਝੱਪਤਾਲ ਦੀ ਬੰਦਸ਼ ਅਤੇ ਸ਼ਬਦ ਹਲੇ ਯਾਰਾ ਭਲੇ ਯਾਰਾ ਖੁਸ਼ਖਬਰੀ ਦੇ ਅਰਥ ਬਹੁਤ ਹੀ ਸੁੰਦਰ ਢੰਗ ਦੀ ਬੰਦਸ਼ ਅਤੇ ਅਰਥ ਵੀ ਚੰਗੇ ਢੰਗ ਨਾਲ ਕੀਤੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗੁਰਮਤਿ ਸੰਗੀਤ ਓਪਨ ਸ਼ਬਦ ਗਾਇਣ ਮੁਕਾਬਲੇ ਕਰਵਾਉਣਾ ਬਹੁਤ ਹੀ ਚੰਗੀ ਗੱਲ ਹੈ। ਡਾ. ਗੁਰਨਾਮ ਸਿੰਘ ਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬਹੁਤ ਵੱਡਾ ਸੰਗੀਤ ਦਾ ਯੋਗਦਾਨ ਪਾ ਰਹੇ ਹਨ। ਇਕ ਬੇਨਤੀ ਹੈ ਕਿ ਨੋਟੇਸ਼ਨ ਵਾਲੇ ਸ਼ਬਦ ਦੇ ਨਾਲ ਜੇਕਰ ਤਾਨਾਂ ਵੀ ਛਾਪ ਦਿਆ ਕਰੋ ਤਾਂ ਬਹੁਤ ਹੀ ਚੰਗੀ ਗੱਲ ਹੋਵੇਗੀ। ਆਨੰਦ ਕਾਰਜ ਦੀ ਮਰਿਆਦਾ ਬਾਰੇ ਕੋਈ ਲੇਖ ਜ਼ਰੂਰ ਛਾਪੋ ਤਾਂ ਕਿ ਅੱਜੋਕੀ ਰਾਗੀ ਸਿੰਘਾਂ ਨੂੰ ਮਰਿਆਦਾ ਦਾ ਪਤਾ ਲੱਗੇ। ਕਈ ਰਾਗੀ ਆਨੰਦ ਕਾਰਜ ਦੀ ਸਮਾਪਤੀ ਇਸ ਤਰ੍ਹਾਂ ਕਰਦੇ ਹਨ ਕਿ ਚਾਰਾਂ ਤੋਂ ਬਾਅਦ 6 ਪਉੜੀਆਂ ਆਨੰਦ ਸਾਹਿਬ ਪੜ੍ਹ ਕੇ ਵਿਆਹ ਹੋਇਆ ਮੇਰੇ ਬਾਬਲਾ ਗੁਰਮੁਖੇ ਹਰਿ ਪਇਆ ਕਈ ਰਾਗੀ ਚਾਰ ਲਾਵਾਂ ਤੋਂ ਬਾਅਦ 6 ਪਉੜੀਆਂ ਅਨੰਦ ਸਾਹਿਬ ਦਾ ਪਾਠ ਕਰਕੇ ਸਮਾਪਤੀ ਕਰਦੇ ਹਨ। ਇਹਦੇ ਬਾਰੇ ਪੂਰੀ ਜਾਣਕਾਰੀ ਭੇਜੋ ਜਾਂ ਅੰਮ੍ਰਿਤ ਕੀਰਤਨ ਮੈਗਜ਼ੀਨ ਵਿਚ ਛਾਪੋ ਤਾਂ ਕਿ ਸਭ ਨੂੰ ਮਰਿਆਦਾ ਬਾਰੇ ਜਾਣਕਾਰੀ ਹੋ ਸਕੇ। ਧੰਨਵਾਦੀ ਹੋਵਾਂਗਾ।

ਪ੍ਰੋ: ਐਮ. ਐੱਸ. ਸਚਦੇਵਾ, ਇੰਡੀਅਨ ਮਿਊਜ਼ਿਕ ਅਕੈਡਮੀ, ਪੀ. ਓ. ਨੰ: 28, ਅਬੋਹਰ (ਫਿਰੋਜ਼ਪੁਰ) ਪੰਜਾਬ



# ਜਿਨਾ ਰਾਸਿ ਨਾ ਸਾਚੁ ਹੈ

ਗੁਰੂ ਨਾਨਕ ਦੇਵ ਜੀ ਨੇ ਜਦੋਂ ਬਾਣੀ ਰਚੀ ਸੀ ਤਾਂ ਉਹਨਾਂ ਦੇ ਸਾਹਮਣੇ ਮੰਤਵ ਸੀ ਇਕ ਸੱਚਾ ਤੇ ਸੁੱਚਾ ਮਨੁੱਖ ਸਿਰਜਣ ਦਾ। ਉਹਨਾਂ ਨੇ ਇਸੇ ਲਈ ਸੱਚ ਤੋਂ ਵੀ ਉੱਚਾ ਸੱਚੇ ਆਚਾਰ ਨੂੰ ਸਥਾਨ ਦਿੱਤਾ। ਇਕ ਸ਼ਬਦ ਵਿਚ ਸੱਚਾ ਵਪਾਰ ਕਰਨ ਦਾ ਉਪਦੇਸ਼ ਦਿੰਦਿਆਂ ਆਖਦੇ ਹਨ:

ਜਿਨਾ ਰਾਸਿ ਨਾ ਸਚੁ ਹੈ ਕਿਉਂ ਤਿਨਾ ਸੁਖੁ ਹੋਇ।
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।
ਖੋਟੇ ਪੋਤੈ ਨਾ ਪਵਿ ਤਿਨ ਹਰਿ ਗੁਰ ਦਰਸੁ ਨ ਹੋਇ।
ਖੋਟੇ ਜਾਤਿਨ ਪਤਿ ਹੈ ਖੋਇ ਨਾ ਸੀਝਸਿ ਕੋਇ।
ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ।

(ਗੁਰੂ ਗ੍ਰੰਥ ਸਾਹਿਬ ਪੰਨਾ 22-23)

ਸਾਡਾ ਬਹੁਤਿਆਂ ਦਾ ਜੀਵਨ ਝੂਠ 'ਤੇ ਆਧਾਰਤ ਹੈ ਇਸੇ ਲਈ ਸਾਡੀ ਕੌਮ ਮਿਰਗ ਵਾਂਗੂ ਫਾਹੀ ਵਿਚ ਫਸੀ ਘਣੇ ਦੂਖ ਵਿਚ ਰੋ ਰਹੀ ਹੈ।

ਇਹ ਤਾਂ ਗੱਲ ਨਹੀਂ ਕਿ ਗੁਰੂ ਸਾਹਿਬ ਦੇ ਉਪਰੋਕਤ ਉਪਦੇਸ਼ ਮੁਤਾਬਕ ਕੋਈ ਸਿੱਖ ਨਾ ਹੋਵੇ। "ਹੈਣ ਵਿਰਲੇ ਨਾਹੀ ਘਣੈ"। ਪਰ ਬਹੁਤੇ ਮੇਰੇ ਵਰਗੇ ਤਾਂ ਉਪਰੋਕਤ ਵਰਨਣ ਦੀ ਪੈਰੋਡੀ ਹੀ ਦਿਸਦੇ ਹਨ। ਸਿੱਖ ਭਾਵੇਂ ਉਹ ਵਪਾਰੀ ਹੈ, ਭਾਵੇਂ ਸਿਆਸਤਦਾਨ, ਭਾਵੇਂ ਨੌਕਰੀ ਪੇਸ਼ਾ ਤੇ ਭਾਵੇਂ ਕੋਈ ਧਰਮ-ਉਪਦੇਸ਼ਕ ਬਹੁਤਿਆਂ ਨੇ ਸੱਚ ਦੀ ਥਾਂ ਪੈਸੇ ਨੂੰ ਆਪਣਾ ਮੰਤਵ ਬਣਾ ਲਿਆ ਹੈ ਅਤੇ ਇਸ ਪੈਸੇ ਲਈ ਆਪਣੇ ਸਿੱਖੀ ਸਰੂਪ ਨੂੰ ਕੈਸ਼ ਕਰਵਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦਾ ਇਹ ਕਥਨ ਬਹੁਤੇ ਭੇਖਧਾਰੀ ਸਿੱਖਾਂ ਉੱਪਰ ਲਾਗੂ ਹੋ ਰਿਹਾ ਹੈ।

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ।

ਚਿੱਟੇ ਕੱਪੜੇ ਪਾ ਕੇ ਜੋ ਦੁਕਾਨ 'ਤੇ ਬਹਿੰਦੇ ਹਨ, ਜੋ ਸਿਆਸਤ ਵਿਚ ਆਉਂਦੇ ਹਨ, ਜੋ ਨੌਕਰੀ ਕਰਦੇ ਹਨ ਜੋ ਕੀਰਤਨ-ਕਥਾ ਕਰਦੇ ਹਨ ਉਹਨਾਂ ਕੋਲ ਸਾਧਾਰਨ ਆਦਮੀ ਆਉਂਦਾ ਤਾਂ ਇਸ ਲਈ ਹੈ ਕਿ ਉਹ ਸੱਚਾ ਸੁੱਚਾ ਮਨੁੱਖ ਹੋਵੇਗਾ ਪਰ ਇਹਨਾਂ ਵਿਚੋਂ ਬਹੁਤੇ ਸੱਜਣ ਰੂਪੀ ਠੱਗ ਨਿਕਲਦੇ ਹਨ। ਹਰ ਕਸਬ ਦਾ ਕੋਈ ਨਾ ਕੋਈ ਮਿਆਰ ਹੁੰਦਾ ਹੈ। ਪਰ ਧਰਮ ਦੇ ਖੇਤਰ ਵਿਚ ਕੋਈ ਮਿਆਰ ਨਹੀਂ ਦਿਸ ਰਿਹਾ। ਧਰਮ ਦਾ ਉਪਦੇਸ਼ ਦੇਣ ਲਈ ਕੀ ਯੋਗਤਾ ਹੋਣੀ ਚਾਹੀਦੀ ਹੈ ਇਹ ਅਜੇ ਤਕ ਅਸੀਂ ਸਿੱਖਾਂ ਨੇ ਤਾਂ ਨੀਯਤ ਨਹੀਂ ਕੀਤੀ। ਭਾਵੇਂ ਡਾਕਟਰੀ ਦੇ ਖੇਤਰ ਵਿਚ ਵੀ ਪੈਸਾ ਪ੍ਰਧਾਨ ਹੈ ਪਰ ਗਰੀਕ ਦੇ ਪੁਰਾਣੇ ਵਿਦਵਾਨਾਂ ਨੇ ਡਾਕਟਰਾਂ ਲਈ ਇਕ ਸਹੁੰ ਨਿਯਤ ਕੀਤੀ ਸੀ। ਇਸ ਦਾ ਅੰਗਰੇਜ਼ੀ ਰੂਪ ਮੈਨੂੰ ਸਤਿਕਾਰਯੋਗ ਡਾ. ਸੰਤੋਖ ਸਿੰਘ ਅਤੇ ਸ੍ਰ: ਈਸ਼ਰ ਸਿੰਘ ਭੁਪਾਲ ਵਾਲਿਆਂ ਨੇ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਕਰਨ ਲਈ ਭੇਜਿਆ ਸੀ। ਯੂਨਾਨ ਦੇ ਹਿਪੋਕਰੇਟਿਕ ਸੰਗ੍ਰਹਿ ਵਿਚ ਡਾਕਟਰੀ ਕਿੱਤੇ ਵਿਚ ਪ੍ਰਵੇਸ਼ ਕਰਨ ਵਾਲਿਆਂ ਲਈ ਇਹ ਸਹੁੰ ਦਰਜ ਹੈ। ਇਸ ਦੇ ਅੰਗਰੇਜ਼ੀ ਵਿਚੋਂ ਅੱਗੋਂ ਪੰਜਾਬੀ ਵਿਚ ਖੁੱਲ੍ਹਾ ਅਨੁਵਾਦ ਹੇਠਾ ਦਿੱਤਾ ਜਾਂਦਾ ਹੈ।

ਮੈਂ ਪੂਰੀ ਇਮਾਨਦਾਰੀ ਨਾਲ ਇਹ ਸਹੁੰ ਖਾਂਦਾ ਹੈ ਅਤੇ ਇਸ ਦੇ ਸ਼ਬਦ ਮੇਰੇ ਲਈ ਸਭ ਤੋਂ ਵੱਧ ਪਵਿੱਤਰ ਹੋਣਗੇ:

- ਕਿ ਮੈਂ ਚਿਕਤਸਾ ਦੇ ਕਿੱਤੇ ਪ੍ਰਤੀ ਵਫਾਦਾਰ ਰਹਾਂਗਾ ਅਤੇ ਆਪਣੇ ਕਿੱਤੇ ਦੇ ਭਾਈਚਾਰੇ ਪ੍ਰਤੀ ਨਿਆਇਸ਼ੀਲ ਅਤੇ ਫਰਾਖਦਿਲ ਰਹਾਂਗਾ।
- ਕਿ ਮੈਂ ਆਪਣਾ ਜੀਵਨ ਅਤੇ ਇਹ ਕਿੱਤਾ ਇਸ ਕਿੱਤੇ ਦੀ ਆਨ-ਸ਼ਾਨ ਅਨੁਸਾਰ ਚਲਾਵਾਂਗਾ।
- ਕਿ ਕਿਸੇ ਵੀ ਘਰ ਵਿਚ ਮੇਰੀ ਫੇਰੀ ਆਪਣੀ ਪੂਰੀ ਸਮਰਥਾ ਨਾਲ ਉਸ ਘਰ ਦੇ ਬਿਮਾਰ ਦਾ ਇਲਾਜ ਕਰਨ ਹਿੱਤ ਹੀ ਹੋਵੇਗੀ। ਅਜਿਹਾ ਕਰਦਿਆਂ ਮੈਂ ਆਪਣੇ ਆਪ ਨੂੰ ਕਿਸੇ ਬੁਰਾਈ, ਭ੍ਰਿਸ਼ਟਾਚਾਰ ਅਤੇ ਲਾਲਚ ਤੋਂ ਮੁਕਤ ਰੱਖਾਂਗਾ
- ਕਿ ਮੈਂ ਆਪਣੇ ਕਸਬ ਦੀ ਵਰਤੋਂ ਆਪਣੇ ਮਰੀਜ਼ਾਂ ਦੇ ਇਲਾਜ ਲਈ ਕਰਾਂਗਾ ਅਤੇ ਕੋਈ ਅਜਿਹੀ ਦਵਾਈ ਨਹੀਂ ਦੇਵਾਂਗਾ ਜਾਂ ਕੋਈ ਅਜਿਹਾ ਅਪਰੇਸ਼ਨ ਨਹੀਂ ਕਰਾਂਗਾ

ਜਿਸਦਾ ਮੰਤਵ ਕੋਈ ਜ਼ੁਰਮ ਹੋਵੇ। ਭਾਵੇਂ ਅਜਿਹਾ ਕਰਨ ਲਈ ਮੈਨੂੰ ਕਿੰਨਾ ਹੀ ਪ੍ਰੇਰਿਆ ਗਿਆ ਹੋਵੇ।

– ਕਿ ਮੈਂ ਜੋ ਕੁਝ ਆਪਣੇ ਮਰੀਜ਼ਾਂ ਬਾਰੇ ਜਾਣਾਗਾ ਜਾਂ ਦੇਖਾਂਗਾ ਉਸ ਨੂੰ ਨਸ਼ਰ ਨਹੀਂ ਕਰਾਂਗਾ ਸਗੋਂ ਆਪਣੇ ਤਕ ਹੀ ਸੀਮਤ ਰੱਖਾਂਗਾ।

– ਕੀ ਮੈਂ ਉਪਰੋਕਤ ਅਨੁਸਾਰ ਆਪਣੀ ਸਹੁੰ ਦੇ ਸ਼ਬਦਾਂ ਪ੍ਰਤੀ ਵਫਾਦਾਰ ਤੇ ਬਚਨ-ਬਧ ਰਹਾਂਗਾ। ਪਰਮਾਤਮਾ ਕਰੇ ਅਜਿਹਾ ਕਰਦਿਆਂ ਹੀ ਮੈਨੂੰ ਖੁਸ਼ੀ ਅਤੇ ਪ੍ਰਭੂਤਾ ਮਿਲੇ ਨਹੀਂ ਤਾਂ ਇਹਨਾਂ ਤੋਂ ਵਾਂਝਾ ਰਹਾਂ।

ਕੀ ਸਾਡੇ ਕੀਰਤਨੀਆਂ ਲਈ ਵੀ ਕੋਈ ਐਸੀ ਸਹੁੰ ਬਣ ਸਕਦੀ ਹੈ ਤਾਂ ਜੋ ਅਸੀਂ ਉਸ ਮੁਤਾਬਕ ਆਪਣਾ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕਰੀਏ। ਅਜਿਹੀ ਸਹੁੰ ਤਾਂ ਗੁਰਬਾਣੀ ਵਿਚ ਪਹਿਲਾਂ ਹੀ ਲਿਖੀ ਹੋਈ ਹੈ। ਆਓ ਇਸ ਨੂੰ ਯਾਦ ਕਰੀਏ ਮਨ ਵਿਚ ਵਸਾਈਏ:

ਭਲੋ ਭਲੋ ਰੇ ਕੀਰਤਨੀਆ
ਰਾਮ ਰਮਾ ਰਾਮਾ ਗੁਨ ਗਾਉ।
ਛੋਡਿ ਮੋਇਆ ਕੇ ਧੰਧ ਸੁਆਉ।

(885)

'ਹਿਊਮੈਨਟੀ' ਵਾਲਿਆਂ ਵੱਲੋਂ ਇਕ ਗਰੀਟਿੰਗ ਕਾਰਡ ਤੇ ਦਿੱਤੇ ਇਸ ਦੇ ਅਰਥ ਬੜੇ ਭਾਵ ਪੂਰਤ ਹਨ:

'ਕੀਰਤਨੀ ਵੀਰ ਧੰਨਤਾ ਯੋਗ ਹਨ ਪਰ ਸ਼ਰਤ ਹੈ ਕਿ ਕੀਰਤਨ ਦਾ ਮਕਸਦ,ਸਰਬ ਵਿਆਪੀ ਅਕਾਲ ਪੁਰਖ ਰਾਮ ਦੀ ਸਿਫਤ ਸਲਾਹ ਹੋਵੇ ਕੇਵਲ ਮਾਇਕ ਲਾਲਸਾ ਨਿਜੀ ਪ੍ਰਸੰਸਾ ਜਾਂ ਸੰਸਾਰਕ ਮਨੋਕਾਮਨਾਵਾਂ ਨਾ ਹੋਣ। ਹੁਕਮ ਹੈ, "ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ"। ਭਾਈ ਮਰਦਾਨਾ ਜੀ ਦਾ ਜੀਵਨ ਕੀਰਤਨੀਆਂ ਲਈ ਚਾਨਣ ਮੁਕਾਰਾ ਹੈ।

ਵਾਹਿਗੁਰੂ ਅੱਜੋਕੇ ਕੀਰਤਨੀਆਂ ਨੂੰ ਇਸ ਆਦਰਸ਼ ਅਨੁਸਾਰ ਆਪਣਾ ਜੀਵਨ ਜੀਊਣ ਦਾ ਬਲ ਬਖਸ਼ੇ।

(ਪੁਰਾਣਾ ਸੰਪਾਦਕੀ "ਮਾਰਚ 1996")


ਅੰਗ ੧੧੦੯

Page 1109

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥

In Maagh, I become pure; I know that the sacred shrine of pilgrimage is within me.

ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥

I have met my Friend with intuitive ease; I grasp His Glorious Virtues, and merge in His Being.

ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥

O my Beloved, Beauteous Lord God, please listen: I sing Your Glories, and merge in Your Being. If it is pleasing to Your Will, I bathe in the sacred pool within.

ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥ ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥

The Ganges, Jamunaa, the sacred meeting place of the three rivers, the seven seas, charity, donations, adoration and worship all rest in the Transcendent Lord God; throughout the ages, I realize the One.

ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥੧੫॥

O Nanak, in Maagh, the most sublime essence is meditation on the Lord; this is the cleansing bath of the sixty-eight sacred shrines of pilgrimage. ||15||

***With best compliments from a wellwisher***

# ਗੁਰਮਤਿ ਸੰਗੀਤ
## ਇਕ ਵਿਲੱਖਣ ਪ੍ਰੰਪਰਾ

**ਗੁਰਕ੍ਰਿਪਾਲ ਸਿੰਘ ਅਸ਼ਕ**

ਬਾਬਾ ਨਾਨਕ ਦੁਆਰਾ ਵੀਹ ਰੁਪਈਏ ਨਾਲ ਕੀਤੇ ਗਏ 'ਸੱਚੇ ਸੌਦੇ' ਦੀ ਕਲਾ 'ਗੁਰੂ ਕੇ ਲੰਗਰ' ਦੇ ਰੂਪ ਵਿਚ ਦੁਨੀਆਂ ਦੇ ਹਰ ਕੋਨੇ ਵਿਚ ਹਰ ਉਸ ਥਾਂ 'ਤੇ ਵਰਤ ਰਹੀ ਹੈ ਜਿੱਥੇ ਵੀ ਉਨ੍ਹਾਂ ਦੇ ਨਾਮ ਲੇਵਾ ਬੈਠੇ ਹਨ। ਉਨ੍ਹਾਂ ਦੀ ਵੱਡੀ ਭੈਣ ਬੇਬੇ ਨਾਨਕੀ ਨੇ ਜਿਹੜੇ ਸੱਤ ਰੁਪਈਏ ਭਾਈ ਮਰਦਾਨੇ ਨੂੰ ਰਬਾਬ ਲਿਆਉਣ ਲਈ ਦਿੱਤੇ ਸਨ, ਉਨ੍ਹਾਂ ਦੇ ਸ਼ਬਦ ਕੀਰਤਨ ਦੁਆਰਾ ਸਮੁੱਚੀ ਮਾਨਵਤਾ ਨੂੰ ਵਿਰਾਸਤੀ ਤੌਰ 'ਤੇ ਮਾਲਾਮਾਲ ਕਰ ਦਿੱਤਾ।

ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ 'ਸੱਚਾ ਸੌਦਾ' ਕਰਨ ਕਰਕੇ ਪਿਤਾ ਮਹਿਤਾ ਕਾਲੂ ਜੀ ਗੁਰੂ ਨਾਨਕ ਤੋਂ ਨਾਰਾਜ਼ ਸਨ। ਇਹ ਗੱਲ ਉਨ੍ਹਾਂ ਦੇ ਸ਼ਰਧਾਲੂ ਤਲਵੰਡੀ ਦੇ ਸਰਦਾਰ ਰਾਏ ਬੁਲਾਰ ਨੂੰ ਚੰਗੀ ਨਾ ਲੱਗੀ। ਉਨ੍ਹਾਂ ਸੋਚਿਆ ਕਿ ਬਿਹਤਰ ਇਹੀ ਹੈ ਕਿ ਬਾਬਾ ਨਾਨਕ ਨੂੰ ਭੈਣ ਬੇਬੇ ਨਾਨਕੀ ਕੋਲ ਸੁਲਤਾਨਪੁਰ ਲੋਧੀ ਭੇਜ ਦਿੱਤਾ ਜਾਵੇ। ਸੰਮਤ 1541 ਵਿਚ ਬੇਬੇ ਨਾਨਕੀ ਦੇ ਪਤੀ ਭਾਈਆ ਜੈਰਾਮ ਉਨ੍ਹਾਂ ਨੂੰ ਸੁਲਤਾਨਪੁਰ ਲੋਧੀ ਲੈ ਗਏ ਜਿੱਥੇ ਉਨ੍ਹਾਂ ਨਵਾਬ ਦੌਲਤ ਖਾਂ ਦਾ ਮੋਦੀਖਾਨਾ ਸੰਭਾਲਣਾ ਸੀ।

ਕਹਿੰਦੇ ਨੇ ਸੁਲਤਾਨਪੁਰ ਲੋਧੀ ਆ ਕੇ ਇਕ ਦਿਨ ਉਨ੍ਹਾਂ ਦੇ ਮਨ ਵਿਚ ਬਚਪਨ ਦੇ ਸੰਗੀ ਭਾਈ ਮਰਦਾਨੇ ਨੂੰ ਮਿਲਣ ਦੀ ਤਾਂਘ ਜਾਗੀ ਤੇ ਸੱਦਾ ਭੇਜ ਦਿੱਤਾ। ਮਰਦਾਨਾ ਆਪਣੀ ਟੁੱਟੀ ਰਬਾਬ ਲੈ ਕੇ ਸੁਲਤਾਨਪੁਰ ਲੋਧੀ ਪਹੁੰਚ ਗਿਆ। ਇਕ ਦਿਨ ਬੇਬੇ ਨਾਨਕੀ ਨੇ ਸੱਤ ਰੁਪਈਏ ਮਰਦਾਨੇ ਦੇ ਹੱਥ ਫੜਾਏ ਤੇ ਕਪੂਰਥਲੇ ਵੱਲ ਤੋਰ ਦਿੱਤਾ ਤਾਂ ਕਿ ਉਹ ਨਵੀਂ ਰਬਾਬ ਖਰੀਦ ਸਕੇ। ਚੰਗੇ ਸਾਜ਼ ਦੀ ਤਲਾਸ਼ ਵਿਚ ਮਰਦਾਨਾ ਭਰੋਆਣੇ ਪਹੁੰਚ ਗਿਆ ਜਿੱਥੇ ਇਕ ਬਿਹਤਰੀਨ ਕਾਰੀਗਰ ਭਾਈ ਫਿਰੰਦਾ ਰਹਿੰਦਾ ਸੀ।

ਜਦੋਂ ਭਾਈ ਫਿਰੰਦਾ ਨੇ ਭਾਈ ਮਰਦਾਨੇ ਤੋਂ ਉਸ ਬਾਰੇ ਪੁੱਛਿਆ ਕਿ ਉਹ ਕੌਣ ਹੈ ਤੇ ਕਿੱਥੋਂ ਆਇਆ ਹੈ ਤਾਂ ਉਨ੍ਹਾਂ ਬਾਬਾ ਨਾਨਕ ਦਾ ਜ਼ਿਕਰ ਕੀਤਾ। ਨਤਮਸਤਕ ਹੁੰਦਿਆਂ ਭਾਈ ਫਿਰੰਦਾ ਨੇ ਰਬਾਬ ਭਾਈ ਮਰਦਾਨਾ ਨੂੰ ਭੇਟ ਕੀਤੀ ਪਰ ਸੱਤ ਰੁਪਈਏ ਵਾਪਸ ਕਰ ਦਿੱਤੇ। ਨਾਲ ਹੀ ਜੋਦੜੀ ਕੀਤੀ ਕਿ ਉਹ ਉਸ ਨੂੰ ਰੱਬੀ ਨੂਰ ਨਾਲ ਮਿਲਾ ਦੇਵੇ ਤਾਂ ਕਿ ਉਹ ਵੀ ਬਖਸ਼ੀਸ਼ਾਂ ਪ੍ਰਾਪਤ ਕਰ ਸਕੇ। ਭਾਈ ਮਰਦਾਨਾ ਨੇ ਉਹੀ ਸੱਤ ਰੁਪਏ ਵਾਪਸ ਆ ਕੇ ਬੇਬੇ ਨਾਨਕੀ ਨੂੰ ਮੋੜ ਦਿੱਤੇ ਤੇ ਭਾਈ ਫਿਰੰਦਾ ਨੂੰ ਮੋਦੀਖਾਨੇ ਨਾਲ ਲੈ ਗਿਆ। ਕਹਿੰਦੇ ਹਨ ਕਿ ਉਹ ਉਥੇ ਗੁਰੂ ਸਾਹਿਬ ਨਾਲ ਮੁਲਾਕਾਤ ਕਰ ਕੇ ਧੰਨ ਹੋ ਗਿਆ ਤੇ ਉਥੇ ਹੀ ਮਰਦਾਨੇ ਨੇ ਰਬਾਬ ਦੀਆਂ ਤਾਰਾਂ 'ਤੇ ਉਂਗਲਾਂ ਫੇਰੀਆਂ। ਸੰਗੀਤ ਦੀਆਂ ਲਹਿਰਾਂ ਵਿਚ 'ਧੰਨ ਨਿਰੰਕਾਰ' ਦੀ ਧੁੰਨੀ ਗੂੰਜੀ। ਫਿਰ ਇਸੇ ਰਬਾਬ ਨਾਲ ਭਾਈ ਮਰਦਾਨਾ ਗੁਰੂ ਸਾਹਿਬ ਦੀਆਂ ਚਾਰੇ ਉਦਾਸੀਆਂ 'ਚ ਨਾਲ ਰਿਹਾ। ਗੁਰੂ ਜੀ ਦੇ ਮੂੰਹੋਂ ਸ਼ਬਦ ਉਚਰਦੇ ਤੇ ਮਰਦਾਨੇ ਦੀ ਰਬਾਬ ਨਾਲ ਸੰਗਤ ਕਰਦੀ। ਇਸ ਨਾਲ ਗੁਰਮਤਿ ਸੰਗੀਤ ਦਾ ਮੁੱਢ ਬੱਝਾ।

ਗੁਰੂ ਨਾਨਕ ਦੇਵ ਤੋਂ ਬਾਅਦ ਅਗਲੇ ਸਿੱਖ ਗੁਰੂਆਂ ਨੇ ਵੀ ਸ਼ਬਦ ਦੇ ਨਾਲ ਸੰਗੀਤ ਨੂੰ ਸਨਮਾਨਯੋਗ ਸਥਾਨ ਦਿੱਤਾ। ਗੁਰੂ ਅਮਰਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਸਾਰੰਦਾ, ਗੁਰੂ ਹਰਗੋਬਿੰਦ ਸਾਹਿਬ ਜੀ ਨੇ ਤਾਊਸ, ਗੁਰੂ ਤੇਗ ਬਹਾਦਰ ਸਾਹਿਬ ਨੇ ਮਿਰਦੰਗ ਅਤੇ ਗੁਰੂ ਗੋਬਿੰਦ ਸਿੰਘ ਨੇ ਦਿਲਰੁਬਾ ਅਤੇ ਤੰਬੂਰਾ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ।

ਗੁਰੂ ਗ੍ਰੰਥ ਸਾਹਿਬ ਦੁਨੀਆਂ ਦਾ ਸਿਰਫ ਇਕੋ ਇਕ ਅਜਿਹਾ ਧਰਮ ਗ੍ਰੰਥ ਹੈ ਜੋ ਪੂਰੀ ਤਰ੍ਹਾਂ ਸੰਗੀਤ 'ਤੇ ਆਧਾਰਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਸਾਂ ਵਿਚੋਂ 6 ਗੁਰੂ ਸਾਹਿਬਾਨ ਅਤੇ 34 ਸੰਤਾਂ ਭਗਤਾਂ ਅਤੇ ਸਿੱਖਾਂ ਦੀ ਬਾਣੀ ਹੈ। ਇਸ ਨੂੰ ਸਭ ਤੋਂ ਪਹਿਲਾਂ 1604 ਈ: ਵਿਚ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸੰਪਾਦਤ ਕੀਤਾ ਅਤੇ ਬਾਣੀ ਨੂੰ ਰਾਗਾਂ

ਵਿਚ ਦਰਜ ਕੀਤਾ। ਸਿਵਾਏ ਜਪੁਜੀ ਸਾਹਿਬ ਤੋਂ ਸਮੁੱਚੀ ਬਾਣੀ ਦੇ ਹਰ ਸ਼ਬਦ ਨਾਲ ਉਸ ਨੂੰ ਗਾਏ ਜਾਣ ਵਾਲਾ ਰਾਗ ਨਿਰਧਾਰਤ ਹੈ।

ਗੁਰੂ ਗ੍ਰੰਥ ਸਾਹਿਬ ਵਿਚਲੇ ਕੁੱਲ ਰਾਗਾਂ ਦੀ ਗਿਣਤੀ 31 ਹੈ ਅਤੇ 31 ਰਾਗ ਪ੍ਰਕਾਰ ਹਨ। ਸ਼ੁਰੂਆਤ ਸਿਰੀ ਰਾਗ ਤੋਂ ਹੁੰਦੀ ਹੈ ਅਤੇ ਜੈਜਾਵੰਤੀ ਤੇ ਸਮਾਪਤੀ ਹੁੰਦੀ ਹੈ। ਅੰਤ ਵਿਚ ਰਾਗ ਮਾਲਾ ਹੈ ਜਿਸ 'ਤੇ ਕਈ ਵਾਰ ਸਵਾਲ ਉੱਠੇ ਹਨ। ਵੈਸੇ ਸੰਗੀਤ ਵਿਚ ਕਈ ਤਰ੍ਹਾਂ ਦੀਆਂ ਰਾਗ ਮਾਲਾਵਾਂ ਦਰਜ ਹਨ ਪ੍ਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮਾਲਾ ਉਨ੍ਹਾਂ ਨਾਲੋਂ ਵੱਖਰੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 19 ਰਾਗਾਂ ਵਿਚ 974 ਸ਼ਬਦ, ਗੁਰੂ ਅੰਗਦ ਦੇਵ ਜੀ ਦੇ 63 ਸ਼ਲੋਕ, ਗੁਰੂ ਅਮਰਦਾਸ ਜੀ ਦੇ 17 ਰਾਗਾਂ ਵਿਚ 869 ਸ਼ਬਦ, ਗੁਰੂ ਰਾਮ ਦਾਸ ਜੀ ਦੇ 30 ਰਾਗਾਂ ਵਿਚ 638 ਸ਼ਬਦ, ਗੁਰੂ ਅਰਜਨ ਦੇਵ ਜੀ ਦੇ 30 ਰਾਗਾਂ ਵਿਚ 2312 ਸ਼ਬਦ ਅਤੇ ਗੁਰੂ ਤੇਗ ਬਹਾਦਰ ਜੀ ਦੇ 15 ਰਾਗ ਵਿਚ 115 ਸ਼ਬਦ ਦਰਜ ਹਨ।

ਇਹਨਾਂ ਤੋਂ ਇਲਾਵਾ ਬਨਾਰਸ ਵਿਚ ਪੈਦਾ ਹੋਏ ਭਗਤ ਕਬੀਰ ਜੀ ਦੇ 16 ਰਾਗਾਂ ਵਿਚ 532 ਸ਼ਬਦ, ਨਰਸੀ ਬਾਮਣੀ (ਮਹਾਰਾਸ਼ਟਰ) 'ਚ ਪੈਦਾ ਹੋਏ ਭਗਤ ਨਾਮਦੇਵ ਜੀ ਦੇ 18 ਰਾਗਾਂ ਵਿਚ 61 ਸ਼ਬਦ, ਬਨਾਰਸ ਤੋਂ ਭਗਤ ਰਵੀਦਾਸ ਜੀ ਦੇ 16 ਰਾਗਾਂ ਵਿਚ 40 ਸ਼ਬਦ, ਪ੍ਰਯਾਗ (ਉੱਤਰ ਪ੍ਰਦੇਸ਼) ਦੇ ਭਗਤ ਰਾਮਾ ਨੰਦ ਜੀ ਦਾ ਇਕ ਸ਼ਬਦ ਬਸੰਤ ਰਾਗ ਵਿਚ, ਕੇਂਦਰੀ (ਬੰਗਾਲ) ਦੇ ਭਗਤ ਜੈ ਦੇਵ ਜੀ ਦੇ 2 ਰਾਗਾਂ ਵਿਚ 2 ਸ਼ਬਦ, ਬਾਰਸੀ (ਸ਼ੋਲਾਪੁਰ) ਮਹਾਰਾਸ਼ਟਰ ਦੇ ਭਗਤ ਤ੍ਰਿਲੋਚਨ ਜੀ ਦੇ 3 ਰਾਗਾਂ ਵਿਚ 4 ਸ਼ਬਦ, ਧੁਆਨ ਨਗਰ (ਰਾਜਸਥਾਨ) ਤੋਂ ਭਗਤ ਧੰਨਾ ਜੀ ਦੇ 2 ਰਾਗਾਂ ਵਿਚ 3 ਸ਼ਬਦ, ਬਾਂਧਵਗੜ੍ਹ (ਰੀਵਾ) ਮੱਧ ਪ੍ਰਦੇਸ਼ ਦੇ ਭਗਤ ਸੈਣ ਜੀ ਦਾ ਇਕ ਸ਼ਬਦ ਧਨਾਸਰੀ ਰਾਗ ਵਿਚ, ਗਗਰੌਨ ਗੜ੍ਹ (ਰਾਜਸਥਾਨ) ਤੋਂ ਭਗਤ ਪੀਪਾ ਜੀ ਦਾ ਇਕ ਸ਼ਬਦ ਧਨਾਸਰੀ ਰਾਗ ਵਿਚ, ਕਾਕੋਰੀ (ਉੱਤਰ ਪ੍ਰਦੇਸ਼) ਤੋ ਭਗਤ ਭੀਖਨ ਜੀ ਦੇ 2 ਸ਼ਬਦ ਰਾਗ ਸੋਰਠਿ ਵਿਚ, ਸੇਹਬਾਨ ਸੂਬਾ ਸਿੰਧ (ਪਾਕਿਸਤਾਨ) ਤੋਂ ਭਗਤ ਸਧਨਾ ਜੀ ਦਾ ਇਕ ਸ਼ਬਦ ਬਿਲਾਵਲੁ ਰਾਗ ਵਿਚ, ਕਨੌਜ (ਮਹਾਰਾਸ਼ਟਰ) ਤੋਂ ਭਗਤ ਪਰਮਾਨੰਦ ਜੀ ਦਾ ਇਕ ਸ਼ਬਦ ਸਾਰੰਗ ਰਾਗ ਵਿਚ, ਅਵਧ ਦੇ ਭਗਤ ਸੂਰਦਾਸ ਜੀ ਦਾ ਇਕ ਸ਼ਬਦ ਸਾਰੰਗ ਵਿਚ, ਪਿੰਡ ਆਸਨੀ (ਮੱਧ ਪ੍ਰਦੇਸ਼) ਦੇ ਭਗਤ ਬੇਣੀ ਜੀ ਦੇ ਤਿੰਨ ਸ਼ਬਦ 3 ਰਾਗਾਂ ਵਿਚ ਅਤੇ ਪਿੰਡ ਖੋਤਵਾਲ (ਮੁਲਤਾਨ) ਦੇ ਸ਼ੇਖ ਫਰੀਦ ਦੇ 116 ਸ਼ਬਦ ਦੋ ਰਾਗਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਭੱਟਾਂ ਨੇ ਵੀ ਗੁਰੂ ਸਾਹਿਬਾਨ ਜੀ ਉਸਤਤਿ ਵਿਚ ਸ਼ਬਦ ਉਚਾਰੇ ਜਿਨ੍ਹਾਂ ਵਿਚੋਂ ਭੱਟ ਕਲਸਹਾਰ ਜੀ ਦੇ 54 ਸਵੱਈਏ, ਭੱਟ ਜਾਲਪ ਜੀ ਦੇ 5 ਸਵੱਈਏ, ਭੱਟ ਕੀਰਤ ਦੇ 8 ਸਵੱਈਏ, ਭੱਟ ਭੀਖਾ ਜੀ ਦੇ 2, ਸਲ ਜੀ ਦੇ 3, ਭਲ ਜੀ ਦੇ ਇਕ, ਨਲ ਜੀ ਦੇ 16, ਗਯੰਦ ਜੀ ਦੇ 13, ਮਥੁਰਾ ਜੀ ਦੇ 14, ਬਲ ਜੀ ਦੇ 5 ਅਤੇ ਭੱਟ ਹਰਿਬੰਸ ਜੀ ਦੇ 2 ਸਵੱਈਆ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿੱਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਨਾਲ 39 ਹਜ਼ਾਰ ਕਿਲੋਮੀਟਰ ਦਾ ਸਫਰ ਕਰਨ ਵਾਲੇ ਭਾਈ ਮਰਦਾਨਾ ਜੀ ਨੇ ਬਿਹਾਗੜਾ ਰਾਗ ਵਿਚ 3 ਸ਼ਲੋਕ ਰਚੇ। ਡੂਮ ਰਬਾਬੀ ਬਲਵੰਡ ਜੀ ਨੇ ਰਾਮਕਲੀ ਵਿਚ ਵਾਰ ਦੀਆਂ ਪੰਜ ਪਉੜੀਆਂ, ਭਾਈ ਸੱਤਾ ਜੀ ਨੇ ਰਾਮਕਲੀ ਵਿਚ ਵਾਰ ਦੀਆਂ ਤਿੰਨ ਪਉੜੀਆਂ ਅਤੇ ਬਾਬਾ ਸੁੰਦਰ ਜੀ ਨੇ ਰਾਮਕਲੀ ਰਾਗ ਵਿਚ ਸਦੁ ਦੀ ਰਚਨਾ ਕੀਤੀ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁੱਖ ਰਾਗਾਂ ਵਿਚ ਸੂਹੀ, ਬਿਲਾਵਲ, ਗੌਂਡ, ਸਿਰੀ, ਮਾਝ, ਗਉੜੀ, ਆਸਾ, ਗੁਜਰੀ ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਰਾਮ ਕਲੀ, ਨਟਨਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ ਕੇਦਾਰਾ, ਭੈਰਵ, ਬਸੰਤ, ਸਰੰਗ, ਮਲਹਾਰ, ਜੈਜਾਵੰਤੀ, ਕਲਿਆਣ, ਵਡਹੰਸ, ਪ੍ਰਭਾਤੀ ਅਤੇ ਕਾਨੜਾ ਸ਼ਾਮਲ ਹਨ।

ਗੁਰੂ ਸ਼ਬਦ ਕੀਰਤਨ ਅਤੇ ਗੁਰਮਤਿ ਸੰਗੀਤ ਦਾ ਪਹਿਲਾ ਕੇਂਦਰ ਕਰਤਾਰਪੁਰ ਸਾਹਿਬ ਮੰਨਿਆ ਜਾਂਦਾ ਹੈ। ਜਿੱਥੇ ਗੁਰੂ ਨਾਨਕ ਸਾਹਿਬ ਸਮੇਂ ਦੋ ਵਾਰ ਸਵੇਰੇ ਅਤੇ ਸ਼ਾਮ ਕੀਰਤਨ ਹੁੰਦਾ ਸੀ ਅਤੇ ਇਹ ਸੇਵਾ ਭਾਈ ਮਰਦਾਨਾ ਅਤੇ ਪਿੱਛੋਂ ਉਸ ਦੇ ਪੁੱਤਰ ਭਾਈ ਸ਼ਹਿਜਾਦ ਨੇ ਨਿਭਾਈ। ਇਸ ਪਿੱਛੋਂ ਗੁਰੂ ਅੰਗਦ ਦੇਵ ਜੀ ਨੇ ਖਡਰੂ ਸਾਹਿਬ ਵਸਾਇਆ ਜੋ ਗੁਰੂ ਸ਼ਬਦ ਕੀਰਤਨ ਦਾ ਦੂਜਾ ਕੇਂਦਰ ਬਣਿਆ। ਇਥੇ ਭਾਈ ਸ਼ਹਿਜ਼ਾਦ ਅਤੇ ਭਾਈ ਸੱਦੂ ਬੱਦੂ ਨੇ ਕੀਰਤਨ ਦੀ ਸੇਵਾ ਨਿਭਾਈ। ਗੋਇੰਦਵਾਲ ਸਾਹਿਬ ਵਸਾਉਣ ਵਾਲੇ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਚਾਰ ਲਈ 22 ਮੰਜੀਆਂ ਸਥਾਪਿਤ ਕੀਤੀਆਂ। ਇਨ੍ਹਾਂ ਸਮੇਂ ਭਾਈ ਦੀਪਾ, ਭਾਈ ਪਾਂਧਾ ਅਤੇ ਭਾਈ ਬੁੱਲਾ ਵੱਡੇ ਕੀਰਤਨੀਏ ਹੋਏ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਸਾਇਆ ਜਿੱਥੇ ਭਾਈ ਸੱਤਾ ਅਤੇ ਬਲਵੰਡ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਗੁਰੂ ਅਰਜਨ ਦੇਵ ਜੀ ਸਮੇਂ ਸ਼ਬਦ ਚੌਕੀਆਂ ਦੀ ਪ੍ਰੰਪਰਾ ਆਰੰਭ ਉਤਸ਼ਾਹਿਤ ਕੀਤਾ। ਗੁਰੂ ਹਰਗੋਬਿੰਦ ਜੀ ਕੀਰਤਨ ਦੇ ਨਾਲ ਨਾਲ ਵਾਰ ਗਾਇਨ ਲਈ ਢਾਡੀ ਰੱਖੇ। ਗੁਰੂ ਹਰਰਾਏ ਅਤੇ ਗੁਰੂ ਹਰਕ੍ਰਿਸ਼ਨ ਜੀ ਦੇ ਸਮੇਂ ਵੀ

ਕੀਰਤਨ ਪ੍ਰੰਪਰਾ ਕਾਇਮ ਰਹੀ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਆਨੰਦਪੁਰ ਸਾਹਿਬ ਵਿਖੇ ਰਬਾਬੀਆਂ ਦਾ ਮੁਹੱਲਾ ਵਸਾਇਆ। ਭਾਈ ਸੱਦੂ ਅਤੇ ਮੱਦੂ ਇਥੋਂ ਦੇ ਪ੍ਰਸਿੱਧ ਕੀਰਤਨਕਾਰ ਹੋਏ। ਮੌਜੂਦਾ ਦੌਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਮੇਤ ਕਈ ਅਦਾਰੇ ਕੀਰਤਨ ਦੀ ਸਿਖਲਾਈ ਲਈ ਅਹਿਮ ਭੂਮਿਕਾ ਨਿਭਾਅ ਰਹੇ ਹਨ।

ਇਹ ਗੱਲ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗੀ ਕਿ ਸਿੱਖ ਜਰਨੈਲ ਭਾਈ ਜੱਸਾ ਸਿੰਘ ਆਹਲੂਵਾਲੀਆ ਵੀ ਚੰਗੇ ਕੀਰਤਨਕਾਰ ਸਨ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ 1708 ਵਿਚ ਦਿੱਲੀ ਵਿਖੇ ਮਾਤਾ ਸੁੰਦਰੀ ਦੇ ਗ੍ਰਹਿ ਵਿਖੇ ਕੀਰਤਨ ਦੀ ਸੇਵਾ ਨਿਭਾਈ ਸੀ।

ਮੁਗਲ ਕਾਲ ਕੁਝ ਸਮੇਂ ਕੁਝ ਸਮੇਂ ਲਈ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕੀਰਤਨ ਨਹੀਂ ਸੀ ਹੋ ਸਕਿਆ। ਜਦੋਂ ਸਿੱਖ ਮਿਸਲਾਂ ਨੇ ਫਿਰ ਅੰਮ੍ਰਿਤਸਰ 'ਤੇ ਕਬਜ਼ਾ ਕਰ ਲਿਆ ਤਾਂ ਕੀਰਤਨ ਦੀ ਸੇਵਾ ਫਿਰ ਤੋਂ ਨਿਭਾਉਣੀ ਸ਼ੁਰੂ ਕੀਤੀ ਗਈ। ਭਾਈ ਮਨਸਾ ਸਿੰਘ ਰਾਗੀ ਨੇ ਮਹਾਰਾਜਾ ਰਣਜੀਤ ਸਿੰਘ ਸਮੇਂ ਇਹ ਸੇਵਾ ਨਿਭਾਈ। ਭਾਈ ਸ਼ਾਮ ਸਿੰਘ ਨੇ ਇਹ ਸੇਵਾ 70 ਸਾਲਾਂ ਤੱਕ ਨਿਭਾਈ। ਦੇਸ਼ ਦੀ ਵੰਡ ਤੋਂ ਪਹਿਲਾਂ ਤੱਕ ਮੁਸਲਮਾਨ ਕੀਰਤਨਕਾਰ ਵੀ ਦਰਬਾਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ ਜਿਨ੍ਹਾਂ ਵਿਚ ਭਾਈ ਚਾਂਦ ਤੇ ਭਾਈ ਲਾਲ ਤੇ ਭਾਈ ਸਾਈਂ ਦਿੱਤਾ ਆਦਿ ਸ਼ਾਮਲ ਸਨ। ਸੰਨ 1947 ਵਿਚ ਇਹ ਪਰਿਵਾਰ ਪਾਕਿਸਤਾਨ ਚਲੇ ਗਏ। ਇਨ੍ਹਾਂ ਵਿਚੋਂ ਅੱਜ ਵੀ ਕੁਝ ਪਾਕਿਸਤਾਨ ਵਿਚ ਕੀਰਤਨ ਦੀ ਸੇਵਾ ਨਿਭਾਉਂਦੇ ਹਨ।

ਸਿੱਖ ਕੀਰਤਨਕਾਰਾਂ ਦੀ ਲੜੀ ਬਹੁਤ ਲੰਬੀ ਹੈ ਜੋ ਦਿਨੋਂ ਦਿਨ ਹੋਰ ਪ੍ਰੱਫਲਿਤ ਹੋ ਰਹੀ ਹੈ। ਭਾਵੇਂ ਬਹੁਤ ਸਾਰੇ ਕੀਰਤਨੀਆਂ ਨੇ ਰਾਗਬੱਧ ਕੀਰਤਨ ਕਰਕੇ ਵਿਸ਼ਵ ਕਰ ਵਿਚ ਨਾਮਣਾ ਖੱਟਿਆ ਹੈ, ਪਰ ਕਈ ਫਿਲਮ ਸੰਗੀਤ ਦੇ ਪ੍ਰਭਾਵ ਹੇਠ ਆਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਨੁਸਾਰ ਇਸ ਝੁਕਾਅ ਨੂੰ ਰੋਕਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਅਠਾਰਵੀਂ ਸਦੀ ਦੇ ਅਖੀਰ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਤੰਤੀ ਸਾਜਾਂ ਦੀ ਥਾਂ ਹਰਮੋਨੀਅਮ ਨੇ ਲੈ ਗਈ ਸੀ। ਹੁਣ ਦੁਬਾਰਾ ਤੰਤੀ ਸਾਜ਼ਾਂ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ। ਇਸ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸਿੱਖ ਵਿਦਵਾਨ ਤੇ ਕੀਰਤਨਕਾਰ ਡਾ. ਗੁਰਨਾਮ ਸਿੰਘ ਅਤੇ ਪ੍ਰੋ: ਕਰਤਾਰ ਸਿੰਘ ਲੁਧਿਆਣਾ ਨੇ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਭਾਈ ਮਰਦਾਨਾ ਵਾਲੀ ਫਿਰੰਦੀਆ ਰਬਾਬ ਨੂੰ ਜਲੰਧਰ ਦੇ ਕਾਰੀਗਰ ਸ. ਗੁਰਦਿਆਲ ਸਿੰਘ ਤੋਂ ਦੁਬਾਰਾ ਤਿਆਰ ਕਰਵਾਇਆ। ਇਸ ਲਈ 'ਮੰਡੀ' (ਹਿਮਾਚਲ) ਵਿਚ ਪਈ ਗੁਰੂ ਗੋਬਿੰਦ ਸਿੰਘ ਜੀ ਦੀ ਰਬਾਬ ਦੀ ਸਹਾਇਤਾ ਵੀ ਲਈ ਗਈ।

ਕੀਰਤਨ ਪ੍ਰਰੰਪਰਾ ਅਤੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਪੱਧਰ 'ਤੇ ਸ਼ੁਰੂ ਕਰਨ ਲਈ ਪੰਜਾਬੀ ਯੂਨੀਵਰਸਿਟੀ ਨੇ ਪਹਿਲ ਕੀਤੀ ਅਤੇ ਵੱਖਰਾ ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ ਸਥਾਪਿਤ ਕੀਤੀ। 2003 ਤੋਂ ਹਰ ਸਾਲ ਇਥੇ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਾਂਦਾ ਹੈ। ਜਿਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਹਿਯੋਗ ਕਰਦੀ ਹੈ। ਅਕਾਦਮਿਕ ਪੱਧਰ 'ਤੇ ਗੁਰਮਤਿ ਸੰਗੀਤ ਸ਼ੁਰੂ ਹੋਣ ਨਾਲ ਨੌਜਵਾਨ ਵਰਗ ਇਸ ਵੱਲ ਕਾਫੀ ਰੁਚਿਤ ਹੋਇਆ ਹੈ।

(ਧੰਨਵਾਦ ਸਹਿਤ "ਪੰਜਾਬੀ ਟ੍ਰਿਬਿਊਨ" ਮਿਤੀ 10 ਅਕਤੂਬਰ 2010 ਵਿਚੋਂ)

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਰਾਗ ਅਤੇ ਰੁੱਤ

## ਕਰਮ ਸਿੰਘ ਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਮਾਲਾ ਅਤੇ ਹੋਰ ਭਾਰਤੀਯ ਸੰਗੀਤ ਗ੍ਰੰਥਾਂ ਵਿਚ ਮੁੱਖ ਤੌਰ 'ਤੇ ਛੇ ਰਾਗਾਂ ਦਾ ਵਰਣਨ ਹੈ ਅਤੇ ਇਹ ਛੇ ਰਾਗ ਹਨ: 1. ਰਾਗ ਭੈਰਵ, 2. ਰਾਗ ਮਾਲਕੌਸ, 3. ਰਾਗ ਹਿੰਡੋਲ, 4. ਰਾਗ ਦੀਪਕ, 5. ਰਾਗ ਸ੍ਰੀ, 6. ਰਾਗ ਮੇਘ। ਨਾਦ ਬਿਨੋਦ ਸੰਗੀਤ ਗ੍ਰੰਥ ਅਤੇ ਭਾਤਖੰਡੇ ਸੰਗੀਤ ਗ੍ਰੰਥ ਵਿਚ ਵੀ ਏਹੀ ਮੁੱਖ ਛੇ ਰਾਗ ਹਨ। ਸੋ ਇਹ ਛੇ ਰਾਗਾਂ ਬਾਰੇ ਅਤੇ ਇਹਨਾਂ ਦੀ ਤਾਸੀਰ ਬਾਰੇ ਅਤੇ ਇਹਨਾਂ ਦੀ ਰੁੱਤਾਂ ਬਾਰੇ ਕੁਛ ਆਪਣੇ ਤੁੱਛ ਵਿਚਾਰ ਪਾਠਕਾਂ ਸਾਹਮਣੇ ਰੱਖਣ ਦਾ ਯਤਨ ਕਰ ਰਿਹਾ ਹਾਂ।

ਇਹ ਜੋ ਮੁੱਖ ਛੇ ਰਾਗ, ਇਹ ਛੇ ਦੇਵਤੇ ਹਨ ਅਤੇ ਇਹ ਛੇ ਰੁੱਤਾਂ ਜੋ ਕਿ ਭਾਰਤੀ ਮਹਾਂਦੀਪ ਵਿਚ ਮੰਨੀਆਂ ਜਾਦੀਆਂ ਹਨ, ਉਹਨਾਂ ਛੇਆਂ ਰੁੱਤਾਂ ਦੇ ਛੇ ਰਾਗ ਹਨ। ਇਹ ਛੇ ਰੁਤਾਂ ਸੰਬੰਧੀ ਬਾਣੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਰਾਮਕਲੀ ਵਿਚ ਦਰਜ ਕੀਤੀ ਹੈ। ਛੇ ਰਾਗਾਂ ਦੇ ਜੋ ਛੇ ਦੇਵਤੇ ਹਨ ਇਹ ਅੱਗੇ ਨਕਸ਼ੇ ਵਿਚ ਦਰਜ ਕੀਤਾ ਹੈ। ਇਹ ਨਕਸ਼ਾ ਰੁੱਤਾਂ ਅਨੁਸਾਰ ਹਨ:

| | | | | | | |
|---|---|---|---|---|---|---|
| ਰੁੱਤ | ਬਸੰਤ | ਗ੍ਰੀਸ਼ਮ | ਵਰਸ਼ਾ | ਸਰਦ | ਸਿਸੀਅਰ | ਹਿਮੰਤ |
| ਰਾਗ | ਹਿੰਡੋਲ | ਦੀਪਕ | ਮੇਘ | ਭੈਰਵ | ਮਾਲਕੌਂਸ | ਸ੍ਰੀ |
| ਦੇਵਤਾ | ਬ੍ਰਹਮਾ | ਸੂਰਜ | ਇੰਦਰ | ਸ਼ਿਵਜੀ | ਚੰਦ੍ਰਮਾ | ਵਿਸ਼ਨੂੰ |

ਅੱਗੇ ਅਸੀਂ ਰਾਗਾਂ ਦੀ ਤਰਤੀਬ ਅਨੁਸਾਰ ਨਕਸ਼ਾ ਦੇ ਰਹੇ ਹਾਂ:

| | | | | | | |
|---|---|---|---|---|---|---|
| ਰਾਗ | ਭੈਰਵ | ਮਾਲਕੌਂਸ | ਹਿੰਡੋਲ | ਦੀਪਕ | ਸ੍ਰੀਰਾਗ | ਮੇਘ |
| ਦੇਵਤਾ | ਸ਼ਿਵਜੀ | ਚੰਦ੍ਰਮਾ | ਬ੍ਰਹਮਾ | ਸੂਰਜ | ਵਿਸ਼ਨੂੰ | ਇੰਦਰ |
| ਰੁੱਤ | ਸਰਦ | ਸਿਸੀਅਰ | ਬਸੰਤ | ਗ੍ਰੀਸ਼ਮ | ਹਿੰਮਤ | ਵਰਸ਼ਾ |

ਦੇਵਤਿਆਂ ਦੀ ਤਰਤੀਬ ਨਾਲ ਨਕਸ਼ਾ

| | | | | | | |
|---|---|---|---|---|---|---|
| ਦੇਵਤਾ | ਵਿਸ਼ਨੂੰ | ਬ੍ਰਹਮਾ | ਸ਼ਿਵਜੀ | ਸੂਰਜ | ਇੰਦ੍ਰ | ਚੰਦ੍ਰਮਾ |
| ਰਾਗ | ਰਾਗ ਸ੍ਰੀ | ਹਿੰਡੋਲ | ਭੈਰਵ | ਦੀਪਕ | ਮੇਘ | ਮਾਲਕੌਂਸ |
| ਰੁੱਤ | ਹਿੰਮਤ | ਬਸੰਤ | ਸਰਦ | ਗ੍ਰੀਸ਼ਮ | ਵਰਸ਼ਾ | ਸਿਸੀਅਰ |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਗੁਰੂ ਅਰਜਨ ਦੇਵ ਜੀ ਨੇ ਰਾਗ ਰਾਮਕਲੀ ਵਿਚ ਜੋ ਛੇ ਰੁੱਤਾਂ ਦਾ ਵਰਨਣ ਕੀਤਾ ਹੈ, ਉਹ ਇਸ ਪ੍ਰਕਾਰ ਹਨ (ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ) ਅਰਥਾਤ-ਬਸੰਤ ਰੁਤ ਮਹੀਨਾ ਚੇਤਰ ਤੇ ਵੈਸਾਖ ਵਿਚ ਹੁੰਦੀ ਹੈ। ਇਸ ਰੁੱਤ ਦਾ ਰਾਗ ਹਿੰਡੋਲ ਹੈ, ਜੋ ਕਿ ਬ੍ਰਹਮਾ ਜੀ ਦਾ ਸਰੂਪ ਹੈ:

ਦੂਜੀ ਰੁੱਤ ਹੈ (ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ) ਅਰਥਾਤ-ਗ੍ਰੀਖਮ ਗਰਮ ਰੁੱਤ ਜੇਠ ਅਤੇ ਹਾੜ ਵਿਚ ਹੁੰਦੀ ਐ ਅਤੇ ਇਸ ਰੁੱਤ ਦਾ ਰਾਗ ਹੈ ਦੀਪਕ, ਜੋ ਕਿ ਸੂਰਜ ਦਾ ਸਰੂਪ ਹੈ।

ਤੀਜੀ ਰੁੱਤ ਹੈ (ਰੁਤਿ ਬਰਸੁ ਸੁਹੇਲੀਆ, ਸਾਵਣ ਭਾਦਵੇਂ ਆਨੰਦ ਜੀਉ) ਅਰਥਾਤ-ਬਰਸ਼ ਵਰਸ਼ਾ ਰੁੱਤ ਮਹੀਨਾ ਸਾਵਣ ਤੇ ਭਾਦਰੋਂ ਵਿਚ ਹੁੰਦੀ ਹੈ। ਇਸ ਰੁੱਤ ਦਾ ਰਾਗ ਹੈ ਮੇਘ ਜੋ ਕਿ ਇੰਦ੍ਰ ਦੇਵਤਾ ਹੈ।

ਚੌਥੀ ਰੁੱਤ ਹੈ (ਰੁਤਿ ਸਰਦ ਅਡੰਬਰੋ, ਅਸੂ ਕਤਕੇ ਹਰਿ ਪਿਆਸ ਜੀਉ) ਅਰਥਾਤ - ਰੁੱਤ ਸਰਦ ਮਹੀਨਾ ਅਸੂ ਅਤੇ ਕਤਕ ਵਿਚ ਹੁੰਦੀ ਹੈ। ਇਸ ਰੁੱਤ ਦਾ ਰਾਗ ਭੈਰਵ ਹੈ, ਜੋ ਕਿ ਸ਼ਿਵ ਜੀ ਮਹਾਰਾਜ ਹਨ।

ਪੰਜਵੀਂ ਰੁੱਤ ਹੈ (ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੋ ਮੰਘਰ ਪੋਹਿ ਜੀਉ) ਅਰਥਾਤ - ਸਿਸੀਅੀਰ ਰੁੱਤ ਮਹੀਨਾ ਮਘਰ ਤੇ ਪੋਹ ਵਿਚ ਹੁੰਦੀ ਹੈ। ਇਸ ਰੁੱਤ ਦਾ ਰਾਗ ਮਾਲਕੌਂਸ ਹੈ। ਦੇਵਤਾ ਹੈ ਚੰਦ੍ਰ ਦੇਵ (ਚੰਦ੍ਰਮਾ)।

ਛੇਵੀਂ ਰੁੱਤ ਹੈ (ਹਿਮਕਰ ਰੁਤਿ ਮਨਿ ਭਾਵਤੀ, ਮਾਘੁ ਫਗਣ ਗੁਣਵੰਤ ਜੀਉ) ਅਰਥਾਤ-ਹਿਮਕਰ, ਹਿਮੰਤ ਰੁਤ, ਮਹੀਨਾ ਮਾਘ ਅਤੇ ਫੱਗਣ ਵਿਚ ਹੁੰਦੀ ਹੈ। ਇਸ ਰੁੱਤ ਦਾ ਰਾਗ ਹੈ-ਸ੍ਰੀ ਰਾਗ।

ਇਹ ਜੋ ਛੇ ਰਾਗ, ਛੇ ਦੇਵਤੇ ਹਨ, ਭਾਰਤੀਯ ਸੰਸਕ੍ਰਿਤੀ ਦੀ ਮਾਨਤਾ ਅਨੁਸਾਰ ਇਹ ਸਾਰੀ ਸ੍ਰਿਸ਼ਟੀ ਦੇ ਕਰਤਾ ਧਰਤਾ ਹਨ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਜਪੁ ਬਾਣੀ ਵਿਚ ਫੁਰਮਾਨ ਕਰਦੇ ਹਨ (ਏਕਾ ਮਾਈ ਜੁਗਤਿ ਵਿਆਈ, ਤਿਨ ਚੇਲੇ ਪਰਵਾਣੁ। ਇਕ ਸੰਸਾਰੀ ਇਕ ਭੰਡਾਰੀ, ਇਕ ਲਾਏ ਦੀਬਾਣੁ) ਅਰਥਾਤ - ਪ੍ਰਮਾਤਮਾ ਦੀ ਜੋ ਇਕ ਸ਼ਕਤੀ ਹੈ, ਇਕ ਮਾਈ, ਉਸ ਨੇ ਤਿੰਨ ਚੇਲੇ ਪੈਦਾ ਕੀਤੇ, ਇਕ ਸੰਸਾਰੀ, ਸੰਸਾਰ ਨੂੰ ਪੈਦਾ ਕਰਨ ਵਾਲਾ-ਬ੍ਰਹਮਾ, ਇਕ ਭੰਡਾਰੀ, ਸਾਰੇ ਸੰਸਾਰ ਨੂੰ ਰੋਜ਼ੀ ਦੇਣ ਵਾਲਾ- ਭਗਵਾਨ ਵਿਸ਼ਨੂੰ ਅਤੇ ਇਕ ਲਾਏ ਦੀਬਾਣ, ਸਾਰੇ ਸੰਸਾਰ ਨੂੰ ਸਮੇਟਣ ਵਾਲਾ 'ਸ਼ਿਵ ਜੀ, ਮਹਾਰਾਜ', ਇਹਨਾਂ ਦੇ ਹੁਕਮ ਅਨੁਸਾਰ ਸਾਰੀ ਸ੍ਰਿਸ਼ਟੀ ਚਲਦੀ ਹੈ ਅਤੇ ਸਭ ਦੇਵਤੇ ਇਹਨਾਂ ਦੇ ਹੁਕਮ ਵਿਚ ਕੰਮ ਕਰਦੇ ਹਨ। ਸੂਰਜ ਦਾ ਕੰਮ ਹੈ ਰੌਸ਼ਨੀ ਤੇ ਅਗਨੀ ਅਤੇ ਗਰਮੀ ਦੇਣਾ ਕਿਉਂਕਿ ਇਹਨਾਂ ਚੀਜ਼ਾਂ ਤੋਂ ਬਗੈਰ ਸੰਸਾਰ ਦਾ ਵਧਣਾ ਫੁੱਲਣਾ ਅਸੰਭਵ ਹੈ। ਇੰਦਰ ਦੇਵਤਾ (ਰਾਗ ਮੇਘ) ਦਾ ਕੰਮ ਹੈ ਸੰਸਾਰ ਨੂੰ ਹਵਾ ਅਤੇ ਜਸ (ਪਾਣੀ) ਦੇਣਾ, ਇਹਨਾਂ ਤੋਂ ਬਗੈਰ ਵੀ ਸ੍ਰਿਸ਼ਟੀ ਨਹੀਂ ਚਲ ਸਕਦੀ। ਚੰਦ੍ਰਮਾ ਸੀਤਲਤਾ ਠੰਢ ਦੇਂਦਾ ਹੈ, ਸੰਸਾਰ ਦੇ ਜੀਵਾਂ ਲਈ ਠੰਢ ਵੀ ਜ਼ਰੂਰੀ ਹੈ। ਸੋ ਇਹ ਛੇ ਰਾਗ ਛੇ ਦੇਵਤੇ ਸਾਰੀ ਸ੍ਰਿਸ਼ਟੀ ਦੇ ਕਰਤਾ ਧਰਤਾ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਰਾਗ 'ਸ੍ਰੀ ਰਾਗ' ਸਭ ਤੋਂ ਪਹਿਲਾ ਰਾਗ ਹੈ। ਰਾਗ ਮਾਲਾ ਵਿਚ ਗੁਰੂ ਸਾਹਿਬ ਜੀ ਨੇ ਲਿਖਿਆ ਹੈ (ਸਭ ਮਿਲਿ ਸ੍ਰੀ ਰਾਗ ਵੈ ਗਾਵਹਿ) ਅਰਥਾਤ ਸਾਰੇ ਰਾਗ ਮਿਲ ਕੇ ਸ੍ਰੀ ਰਾਗ ਦੀ ਉਸਤਤੀ ਗਾਉਂਦੇ ਹਨ ਅਤੇ ਸ੍ਰੀ ਰਾਗ ਦੀ ਵਾਰ ਵਿਚ ਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ (ਰਾਗਾਂ ਵਿਚ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰ) ਅਰਥਾਤ - ਹੇ ਮਨੁੱਖ ਜੇਕਰ ਤੂੰ ਸਚ ਨਾਲ, ਪ੍ਰਮਾਤਮਾ ਨਾਲ ਪਿਆਰ ਕਰੇਂਗਾ ਤਾਂ ਤੂੰ ਰਾਗਾਂ ਵਿਚ (ਸ੍ਰੀ ਰਾਗ) ਪ੍ਰਮਾਤਮਾ ਦਾ ਰੂਪ ਹੋ ਜਾਏਗਾ। ਭਾਈ ਗੁਰਦਾਸ ਜੀ ਵੀ ਬਿਆਨ ਕਰਦੇ ਹਨ (ਰਾਗਨ ਮਹਿ ਸਿਰੀ ਰਾਗ ਪਾਰਸ ਬਖਾਨ ਹੈ) ਅਰਥਾਤ - ਜਿਸ ਤਰ੍ਹਾਂ ਲੋਹਾ ਜੇਕਰ ਪਾਰਸ ਨੂੰ ਛੋਹ ਜਾਇ ਤਾਂ ਉਹ ਸੋਨਾ ਬਣ ਜਾਂਦਾ ਹੈ, ਇਸੇ ਤਰ੍ਹਾਂ ਰਾਗ ਸ੍ਰੀ ਜੋ ਕਿ ਖੁਦ ਪਾਰਸ, ਈਸ਼ਵਰ ਹੈ, ਉਸ ਨਾਲ ਜੋ ਛੋਹ ਜਾਇ, ਉਸਦਾ ਜੀਵਨ ਸੋਨੇ ਵਰਗਾ ਕੀਮਤੀ ਹੋ ਜਾਂਦਾ ਹੈ। ਭਾਰਤੀ ਸੰਸਕ੍ਰਿਤੀ ਵਿਚ ਭਗਵਾਨ ਵਿਸ਼ਨੂੰ ਨੂੰ, ਸ੍ਰੀ ਹਰੀ ਕਹਿੰਦੇ ਹਨ, ਈਸ਼ਵਰ ਮੰਨਦੇ ਹਨ। ਇਸੇ ਲਈ ਭਾਰਤੀ ਸੰਗੀਤ੍ਰ ਗ੍ਰੰਥਾਂ ਵਿਚ, ਭਗਵਾਨ ਵਿਸ਼ਨੂੰ ਨੂੰ ਰਾਗ ਸ੍ਰੀ ਮੰਨਿਆ ਗਿਆ ਹੈ। ਸ੍ਰੀ ਦਾ ਅਖਰੀ ਅਰਥ ਹੈ ਵੱਡਾ, ਸ੍ਰੀ ਦਾ ਅਰਥ ਹੈ ਆਰੰਭ, ਜਿਸ ਤਰ੍ਹਾਂ ਅਸੀਂ (ਸੱਤ ਸ੍ਰੀ ਅਕਾਲ) ਬੁਲਾਉਂਦੇ ਹਨ, ਅਰਥਾਤ ਜੋ ਪਰਮਾਤਮਾ ਹੈ, ਉਹ ਸੱਤ ਹੈ, ਸੱਚ ਹੈ ਅਤੇ ਉਹ ਅਕਾਲ ਹੈ। ਉਹ ਅ-ਕਾਲ ਹੈ, ਜੋ ਸਮੇਂ 'ਚ ਨਹੀਂ ਆਉਂਦਾ, ਜਿਸ ਦਾ ਅੰਤ ਨਹੀਂ ਹੁੰਦਾ। ਸੋ ਸ੍ਰੀ ਦਾ ਅਰਥ ਹੈ (ਮੁੱਢ-ਆਰੰਭ) ਤੇ ਆਰੰਭ ਈਸ਼ਵਰ ਤੋਂ ਹੁੰਦਾ ਹੈ, ਇਹ ਵਖਰੀ ਗੱਲ ਹੈ ਕਿ ਭਾਰਤੀ ਸੰਸਕ੍ਰਿਤੀ ਵਿਚ ਸ੍ਰੀ ਵਿਸ਼ਨੂੰ ਨੂੰ ਹੀ ਹਰੀ ਪ੍ਰਮਾਤਮਾ ਮੰਨਿਆ ਜਾਂਦਾ ਹੈ। ਇਸੇ ਲਈ ਭਾਰਤੀ ਸੰਗੀਤਕਾਰਾਂ ਨੇ ਰਾਗ ਸ੍ਰੀ ਦੀ ਥਾਂ ਤੇ ਭਗਵਾਨ ਵਿਸ਼ਨੂੰ ਦਾ ਚਿਤਰ ਰੂਪ ਦਿੱਤਾ ਹੈ।

ਗੁਰੂ ਨਾਨਕ ਸਾਹਿਬ ਜੀ ਨਾਲ ਰਬਾਬ ਵਜਾਉਣ ਵਾਲੇ ਭਾਈ ਮਰਦਾਨਾ ਜੀ, ਮਹਾਨ ਸੰਗੀਤਕਾਰ ਸਨ, ਜੋ ਸਤਿਗੁਰ ਦੀ ਆਵਾਜ਼ ਨਾਲ ਰਬਾਬ ਨੂੰ ਸੁਰ ਕਰਕੇ, ਉਹੀ ਰਾਗ ਰਬਾਬ ਤੇ ਛੇੜ ਲੈਂਦੇ ਸਨ, ਜਿਸ ਦਾ ਅਲਾਪ ਸਤਿਗੁਰ ਜੀ ਕਰ ਰਹੇ ਹੁੰਦੇ ਸਨ। ਐਸੇ ਮਹਾਨ ਸੰਗੀਤਕਾਰ ਦੇ ਸ਼ਾਗਿਰਦ ਸਨ 'ਠਾਕੁਰ ਹਰੀਦਾਸ ਜੀ ਗੰਧ੍ਰਬ' ਜੋ ਕਿ ਤਾਨਸੈਨ ਦੇ ਗੁਰੂ ਸਨ ਅਤੇ ਸੰਗੀਤ ਜਗਤ ਵਿਚ ਸਭ ਤੋਂ ਪਹਿਲੇ ਵਿਅਕਤੀ ਸਨ, ਠਾਕੁਰ ਹਰੀ ਦਾਸ ਜੀ, ਜਿਹਨਾਂ ਨੂੰ ਗੰਧ੍ਰਬ ਦੀ ਪਦਵੀ ਮਿਲੀ ਸੀ। ਠਾਕੁਰ ਹਰੀ ਦਾਸ ਜੀ ਦੇ ਅੱਠ ਸ਼ਾਗਿਰਦ ਸਨ, ਜੋ ਮਹਾਨ ਸੰਗੀਤਕਾਰ ਹੋਏ ਹਨ। ਇਹਨਾਂ ਵਿਚ ਦੋ ਸਨ ਤਾਨਸੈਨ ਜੀ

ਅਤੇ ਬੈਜੂ ਬਾਵਰਾ ਜੀ। ਬੈਜੂ ਬਾਵਰਾ ਜੀ ਨੇ ਇਕ ਸੰਗੀਤ ਗ੍ਰੰਥ ਵੀ ਲਿਖਿਆ ਸੀ। ਉਸ ਵਿਚ ਇਕ ਪੰਗਤੀ ਉਹਨਾਂ ਨੇ ਲਿਖੀ ਸੀ (ਪ੍ਰਿਥਮੇਂ ਆਦਿ ਨਾਦ ਸ਼ਿਵ ਸ਼ਕਤੀ ਪ੍ਰਮੇਸ਼ਵਰ) ਅਰਥਾਤ – ਨਾਦ, ਆਵਾਜ਼ ਹੀ ਇਕ ਸ਼ਕਤੀ ਹੈ ਪ੍ਰਮੇਸ਼ਰ ਦੀ ਜੋ ਸਭ ਤੋਂ ਪਹਿਲੇ ਪ੍ਰਗਟ ਹੋਈ।

ਜਿਸ ਤਰ੍ਹਾਂ ਅਸੀਂ ਮੰਨਦੇ ਹਾਂ ਕਿ ਪ੍ਰਮੇਸ਼ਰ ਦੇ ਦੋ ਰੂਪ ਹਨ, ਇਕ ਨਿਰਗੁਣ ਤੇ ਇਕ ਸਰਗੁਣ...'ਨਿਰਗੁਣ ਕਹਿੰਦੇ ਹਨ, ਕਿ ਅਸੀਂ ਸੁਣਿਆ ਹੈ, ਕਿ ਪ੍ਰਮੇਸ਼ਵਰ ਹੈ, ਪਰ ਅੱਖਾਂ ਨਾਲ ਨਹੀਂ ਦੇਖਿਆ ਅਤੇ ਸਰਗੁਣ ਸਰੂਪ ਉਸ ਨੂੰ ਕਹਿੰਦੇ ਹਨ, ਜਿਸ ਨੂੰ ਅੱਖਾਂ ਨਾਲ ਦੇਖ ਲਈਏ, ਕੰਨਾਂ ਨਾਲ ਸੁਣ ਲਈਏ ਤੇ ਹਥਾਂ ਨਾਲ ਸਪਰਸ਼ ਕਰ ਲਈਏ ਤਾਂ ਸਰਗੁਣ ਸਰੂਪ ਹੈ। ਸ੍ਵਰ, ਨਾਦ, ਆਵਾਜ਼, ਗੁਰਬਾਣੀ ਵਿਚ ਆਵਾਜ਼ ਨੂੰ ਹੀ ਸ਼ਬਦ ਕਿਹਾ ਹੈ ਅਤੇ ਇਹ ਆਵਾਜ਼ ਸਾਰੀ ਸ੍ਰਿਸ਼ਟੀ ਵਿਚ ਸਮਾਈ ਹੋਈ ਹੈ, ਸ੍ਰਿਸ਼ਟੀ ਦੇ ਜਿਤਨੇ ਵੀ ਜੀਵ ਜੰਤ ਹਨ, ਉਹ ਜੋ ਬੋਲ ਰਹੇ ਹਨ, ਉਹ ਈਸ਼ਵਰ ਦੀ ਆਵਾਜ਼ ਹੀ ਤਾਂ ਹੈ। ਸੋ ਇਹ ਸਭ ਜੀਵ ਜੰਤਾਂ ਵਿਚੋਂ ਮਨੁਸ਼ ਨੇ 'ਉਹ' ਆਵਾਜ਼ ਤੋਂ ਸੁਰ ਲੈ ਕੇ ਉਹਨਾਂ ਨੂੰ ਤਰਤੀਬ ਦੇ ਦਿੱਤੀ, ਤਾਂ ਉਹ ਰਾਗ ਬਣ ਗਏ ਅਤੇ ਇਹ ਆਵਾਜ਼ ਪ੍ਰਮਾਤਮਾ ਦੀ ਜਿੱਥੇ ਜਿੱਥੇ ਵੀ ਗੂੰਜੀ, ਅਤੇ ਜਿਹਨਾਂ ਦੇ ਕੰਨਾਂ ਵਿਚ ਪਈ, ਉਹ ਸਭ ਜੀਵ ਜੰਤ ਪਿਆਰ ਨਾਲ ਝੂੰਮਣ ਲਗ ਪਏ, ਜਿਹਨਾਂ ਨੂੰ ਸੁੱਕੇ ਦਰਖਤਾਂ ਤੇ ਸੁੱਕੇ ਜੰਗਲਾਂ ਵਿਚ ਇਹ ਆਵਾਜ਼ ਗੂੰਜੀ, ਉਹ ਸੁੱਕੇ ਜੰਗਲ ਹਰੇ ਹੋ ਗਏ। ਸੋ ਇਹ ਨਾਦ ਪਰਮਾਤਮਾ ਦਾ ਸਰਗੁਣ ਸਰੂਪ ਹੈ। ਸ੍ਰੀ ਕ੍ਰਿਸ਼ਨ ਭਗਵਾਨ ਜੀ ਦੀ ਬੰਸੁਰੀ ਅਤੇ ਗੁਰੂ ਨਾਨਕ ਦੇਵ ਜੀ ਦਾ ਭਾਈ ਮਰਦਾਨੇ ਦੀ ਰਬਾਬ ਨਾਲ ਗਾਉਣਾ, ਅਤੇ ਠਾਕੁਰ ਹਰੀਦਾਸ ਜੀ ਦੇ ਸੰਗੀਤ ਗਾਇਨ ਵਿਚ, ਇਹਨਾਂ ਤਿੰਨੇ ਮਹਾਂਪੁਰਸ਼ਾਂ ਦੇ ਸੰਗੀਤ ਵਿਚ ਇਹ ਰਸ, ਇਹ ਕਸ਼ਿਸ਼ ਸੀ ਕਿ ਜਦੋਂ ਉਹ ਸੰਗੀਤ ਸੁਰ ਛੇੜਦੇ ਸਨ ਤਾਂ ਸਾਰੀ ਕਾਇਨਾਤ ਅਤੇ ਸਾਰਾ ਵਾਤਾਵਰਣ ਹੀ ਸੰਗੀਤਮਈ ਹੋ ਜਾਂਦਾ ਸੀ ਅਤੇ ਜੰਗਲ ਦੇ ਸਭ ਜੀਅ ਜੰਤ ਪਸ਼ੂ ਪੰਛੀ ਸਭ ਇਕੱਠੇ ਬੈਠ ਕੇ ਸੰਗਤ ਦੇ ਰੂਪ ਵਿਚ ਸੰਗੀਤ ਸੁਣ ਕੇ ਝੂੰਮਣ ਲੱਗ ਪੈਂਦੇ ਸਨ।

ਜਿਸ ਤਰ੍ਹਾਂ ਅਸੀਂ ਪਿੱਛੇ ਲਿਖ ਆਏ ਹਾਂ ਕਿ ਰਾਗ ਸ੍ਰੀ ਸਭ ਤੋਂ ਵੱਡਾ ਰਾਗ ਹੈ, ਜਿਸਨੂੰ ਰਾਜਾ ਦਾ, ਜਾਂ ਰਾਸ਼ਟਰਪਤੀ ਦਾ ਜਾਂ ਰਾਗਾਂ ਦੇ ਮੁਖੀ ਦਾ ਦਰਜਾ ਹੈ। ਸੋ ਹੁਣ ਅੱਗੇ ਅਸੀਂ ਛੇ ਰਾਗਾਂ ਦਾ ਰੁੱਤਾਂ ਅਨੁਸਾਰ ਅਤੇ ਉਹਨਾਂ ਦੀ ਕੀ ਤਾਸੀਰ ਹੈ, ਸਭ ਦਾ ਨੰਬਰ ਵਾਰ ਵਿਸਥਾਰ ਕਰਾਂਗੇ, ਸਭ ਤੋਂ ਪਹਿਲਾਂ ਸ੍ਰੀ ਰਾਗ ਹੈ, ਇਹ ਰਾਗ ਪੂਰਬੀ ਠਾਠ ਵਿਚੋਂ ਪ੍ਰਗਟ ਹੁੰਦਾ ਹੈ। ਰਾਗ ਸ੍ਰੀ ਬਾਰੇ ਗ੍ਰੰਥ ਕਾਰ ਲਿਖਦੇ ਹਨ, (ਕੋਮਲ ਰੇ, ਧਾ ਤੀਬਰ, ਨੀ, ਰੇ, ਪਾ, ਸੰਵਾਦੀ ਵਾਦ) ਧਾ ਗਾ ਵਰਜ ਆਰੋਹ ਮੇਂ, ਹੈ ਸ੍ਰੀ ਰਾਗ ਅਨਾਦ) ਇਸ ਰਾਗ ਵਿਚ ਰੇ ਅਤੇ ਧਾ ਸੁਰ ਕੋਮਲ ਹਨ ਅਤੇ ਮਾ ਅਤੇ ਨੀ ਸੁਰ ਤੀਬਰ ਹਨ ਅਤੇ ਇਸ ਦੇ ਆਰੋਹ ਵਿਚ ਧਾ ਅਤੇ ਗਾ ਸੁਰ ਨਹੀਂ ਲਗਦੇ, ਇਹ ਆੜਵ-ਸੰਪੂਰਨ ਜਾਤੀ ਦਾ ਰਾਗ ਹੈ। ਮਸਲਨ-ਆਰੋਹ ਵਿਚ ਸਾ ਰੇ ਮਾ ਪਾ ਨੀ ਸਾ ਸੁਰ ਲਗਦੇ ਹਨ ਅਤੇ ਅਵਰੋਹ ਵਿਚ ਸਾ ਨੀ ਧਾ ਪਾ ਮਾਂ ਗਾ ਰੇ ਸਾ ਸੁਰ ਲਗਦੇ ਹਨ। ਇਸ ਦਾ ਵਾਦੀ ਸੁਰ ਰੇ ਹੈ ਅਤੇ ਸੰਵਾਦੀ ਸੁਰ ਪਾ ਹੈ, ਗਾਉਣ ਦਾ ਸਮਾਂ ਸ਼ਾਮ ਦਾ ਹੈ, ਦਿਨ ਦਾ ਚੌਥਾ ਪਹਿਰ ਹੈ। ਸੰਗੀਤ ਗ੍ਰੰਥਾਂ ਵਿਚ ਲਿਖਿਆ ਹੈ ਕਿ (ਸ੍ਰੀ ਰਾਗ ਕੇ ਸਵਰ ਸੁਨੇ, ਸੂਖੇ ਬਿਰਖ ਹਰਾਇ) ਰਾਗ ਸ੍ਰੀ, ਹਿੰਮਤ ਰੁੱਤ ਅਰਥਾਤ ਮਾਘ ਤੇ ਫੱਗਣ ਅਰਥਾਤ ਜਨਵਰੀ ਫਰਵਰੀ ਤੇ ਮਾਰਚ ਦੇ ਮਹੀਨਿਆਂ ਵਿਚ ਗਾਉਣ ਨਾਲ ਜ਼ਿਆਦਾ ਜਚਦਾ ਹੈ। ਇਸ ਦੀ ਰੁੱਤ ਹਿੰਮਤ ਹੈ, ਗੁਰੂ ਗ੍ਰੰਥ ਸਾਹਿਬ ਅਨੁਸਾਰ (ਹਿਮਕਰ ਰੁਤਿ ਮਨਿ ਭਾਵਤੀ, ਮਾਘ ਫਗਣੁ ਗੁਣਵੰਤ ਜੀਉ) ਅਤੇ ਇਸ ਰਾਗ ਦੀ ਤਾਸੀਰ ਹੈ, ਸ਼ਕਤੀ ਹੈ ਕਿ ਇਸ ਰਾਗ ਨੂੰ ਸੁੱਕੇ ਬਾਗ ਜੰਗਲ ਵਿਚ ਬੈਠ ਕੇ ਚਾਲੀ ਦਿਨ ਸ੍ਰੀ ਰਾਗ ਸੁਣ ਲਵੇ ਤਾਂ ਉਸ ਦੀ ਕੁੱਖ ਹਰੀ ਹੋ ਜਾਂਦੀ ਹੈ। ਉਸ ਨੂੰ ਔਲਾਦ ਮਿਲ ਜਾਂਦੀ ਹੈ।

ਖਾਸ ਨੋਟ : ਸਭ ਸੰਗੀਤ ਗ੍ਰੰਥਾਂ ਵਿਚ ਬਸੰਤ ਰੁੱਤ ਚੇਤਰ ਤੇ ਵਿਸਾਖ ਦੇ ਮਹੀਨਿਆਂ ਵਿਚ ਲਿਖੀ ਹੋਈ ਹੈ, ਅਤੇ ਗੁਰੂ ਗ੍ਰੰਥ ਸਾਹਿਬ ਵਿਚ ਵੀ ਪੰਚਮ ਪਾਤਸ਼ਾਹ ਜੀ ਨੇ ਬਸੰਤ ਰੁੱਤ, ਮਹੀਨਾ ਚੇਤਰ ਵਿਸਾਖ ਵਿਚ ਹੀ ਲਿਖੀ ਹੈ (ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖੁ ਸੁੱਖ ਮਾਸੁ ਜੀਉ) ਅਤੇ ਗੁਰੂ ਨਾਨਕ ਸਾਹਿਬ ਜੀ ਰਾਗ ਤੁਖਾਰੀ ਵਿਚ ਲਿਖੇ ਹਨ (ਚੇਤ ਬਸੰਤ ਭਲਾ ਭਵਰ ਸੁਹਾਵੜੇ) ਅਤੇ ਵੈਸਾਖ ਬਾਰੇ ਸਤਿਗੁਰ ਫੁਰਮਾਨ ਕਰਦੇ ਹਨ (ਵੈਸਾਖ ਭਲਾ ਸਾਖਾ ਵੇਸਿ ਕਰੇ) ਦੇਖਣ ਵਿਚ ਵੀ ਆਉਂਦਾ ਹੈ ਕਿ ਚੇਤਰ ਤੇ ਵਿਸਾਖ ਦੇ ਮਹੀਨਿਆਂ ਵਿਚ ਸਾਰੀ ਬਨਸਪਤੀ ਵਿਚ ਸਭ ਜੰਗਲ ਬੂਟੇ ਫੁੱਲਾਂ ਵਿਚ ਲੱਦੇ ਜਾਂਦੇ ਹਨ ਅਤੇ ਅੰਗਾਂ ਨੂੰ ਵੀ ਬੂਰ ਚੇਤਰ ਮਹੀਨੇ ਵਿਚ ਹੀ ਪੈਂਦਾ ਹੈ, ਪਰ ਮੈਨੂੰ ਇਹ ਅੱਜ ਤਕ ਸਮਝ ਨਹੀਂ ਆਈ ਕਿ ਸ੍ਰੀ ਹਰਿ ਮੰਦਰ ਸਾਹਿਬ ਅੰਮ੍ਰਿਤਸਰ ਤੇ ਹੋਰ ਦੇਸ਼ ਦੇ ਸਭ ਇਤਿਹਾਸਕ ਗੁਰਦੁਆਰਿਆਂ ਵਿਚ ਰਾਗ ਬਸੰਤ ਮਾਘ ਤੇ ਫੱਗਣ ਦੇ ਮਹੀਨਿਆਂ ਵਿਚ ਗਾਇਨ ਕਰਕੇ ਬੰਦ ਕਰ ਦਿੱਤਾ ਜਾਂਦਾ ਹੈ। ਮੈਂ ਕਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਦਰਬਾਰ ਸਾਹਿਬ ਦੇ ਗ੍ਰੰਥੀ

ਸਾਹਿਬਾਨ ਨਾਲ ਵਿਚਾਰ ਵਟਾਂਦਰਾ ਕੀਤਾ ਹੈ। ਪਰ ਕਿਸੇ ਨੇ ਵੀ ਇਸ ਸਵਾਲ ਦਾ ਤਸੱਲੀ ਬਖਸ਼ ਉੱਤਰ ਨਹੀਂ ਦਿੱਤਾ।

ਰਾਗ ਸ੍ਰੀ ਦਾ ਅਸਰ ਹੈ ਕਿ ਉਹ ਬਨਸਪਤੀ ਨੂੰ ਪੈਦਾ ਕਰਦਾ ਹੈ। ਭਾਵੇਂ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਬ੍ਰਹਮਾ ਮੰਨਿਆ ਜਾਦਾ ਹੈ, ਪਰ ਬ੍ਰਹਮਾ ਨੂੰ ਵੀ ਪੈਦਾ ਕਰਨ ਵਾਲੇ ਭਗਵਾਨ ਵਿਸ਼ਨੂੰ ਹਨ, ਜਿਹਨਾਂ ਨੇ ਆਪਣੀ ਨਾਤੀ ਧੁਨੀ ਤੇ ਬ੍ਰਹਮਾ ਜੀ ਨੂੰ ਪੈਦਾ ਕੀਤਾ ਹੈ। ਸੋ ਪੈਦਾ ਕਰਨ ਵਾਲਾ ਹੀ ਸਭ ਤੋਂ ਵੱਡਾ ਹੁੰਦਾ ਹੈ ਅਤੇ ਪੈਦਾ ਕਰਨ ਵਾਲੇ ਵਿਸ਼ਨੂੰ ਜੀ ਹਨ, ਜੋ ਸ੍ਰੀ ਰਾਗ ਹੈ, ਇਸ ਲਈ ਇਹ ਸਭ ਤੋਂ ਪਹਿਲਾਂ ਅਤੇ ਉੱਤਮ ਰਾਗ ਹੈ, ਰਾਜਾ ਹੈ, ਰਾਸ਼ਟਰਪਤੀ ਹੈ, ਇਸੇ ਲਈ (ਸਭ ਮਿਲ ਸ੍ਰੀ ਰਾਗ ਹੈ ਗਾਵਹਿ) ਅਰਥਾਤ ਸਾਰੇ ਰਾਗ ਦੇਵਤੇ ਮਿਲ ਕੇ, ਰਾਗ ਸ੍ਰੀ ਪਰਮਾਤਮਾ ਦੀ ਉਸਤਤ ਗਾਉਂਦੇ ਹਨ।

(ਚਲਦਾ)

---

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਬਿਹਾਰ,
ਕਾਕੋਂ ਵਾਲ ਰੋਡ, ਲੁਧਿਆਣਾ 141008
ਫੋਨ : 9780708747, 94653244912


## APPEAL

HELP NEEDY

SHARE THE BLESSINGS

HELP NEEDY

OUR MISSION : TO PROVIDE

- Medical
- Educational
- Vocational
- Community Welfare Services in Deep Rural - Remote Hilly Areas

**YOUR NOBLE GESTURES ENABLED US TO CONTINUE SEWAS**

*for the last fifteen years*

AN ISO 9001 - 2000 CERT. TRUST

**SEWAKS' Charitable Trust (Regd.)**

Regd. Office : SCO 1104 - 05, First Floor, Sector 22-B, Chandigarh-160 022

Tele : 93161-36238, 98786-36268, 98141-01806

E-mail : sewaks@sewaks-helpneedy.com, website : www.sewaks-helpneedy.com

B.O. : 2477, 15TH LANE, DASMESH NAGAR, GILL ROAD, LUDHIANA PH.: 2490820, MOB.: 98156-18154

TRUST CENTRE HARYANA : Sewaks' Sewa Centre, Lal Kothi, Village Behlon, Morni Hills, Panchkula

TRUST CENTRE PUNJAB : Medical Sewa Centre, Village Jhanjeri, P.O. Landran, Tehsil Kharar, Distt. S.A.S Nagar

ASSOCIATES : Gurmat Parsar Medical Sewa Centre, Mundi Kharar, Distt. S.A.S Nagar (Punjab)

ASSIST-HELP : Like minded Charitable Institutes having similar Aims & Objects

**IN THE SERVICE OF HUMANITY, SINCE 1994**

# ਇਕ ਸਫਲ ਇਨਸਾਨ - ਡਾ. ਗੁਰਨਾਮ ਸਿੰਘ

## ਪ੍ਰੋ: ਨਵ ਸੰਗੀਤ ਸਿੰਘ

ਗੁਰਮਤਿ ਸੰਗੀਤ ਦੇ ਖੇਤਰ ਵਿਚ ਪ੍ਰੋਫੈਸਰ ਗੁਰਨਾਮ ਸਿੰਘ ਦਾ ਨਾਂਅ ਕਿਸੇ ਜਾਣ-ਪਛਾਣ ਦਾ ਮੋਹਤਾਜ ਨਹੀਂ ਹੈ। ਅੱਧੀ ਸਦੀ ਦੀ ਬਹਾਰ ਮਾਣ ਚੁੱਕਿਆ ਇਹ ਸ਼ਖਸ ਪਿਛਲੇ 25 ਸਾਲਾਂ ਤੋਂ ਅੰਤਰ ਰਾਸ਼ਟਰੀ ਤੇ ਰਾਸ਼ਟਰੀ ਪੱਧਰ 'ਤੇ ਸੰਗੀਤ ਤੇ ਗੁਰਮਤਿ ਸੰਗੀਤ ਨਾਲ ਜੁੜਿਆ ਹੋਇਆ ਹੈ। ਸੰਨ 1981 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੰਗੀਤ (ਗਾਇਨ) ਦੇ ਵਿਸ਼ੇ ਵਿਚ ਐੱਮ. ਏ. ਕਰਨ ਪਿੱਛੋਂ ਉਨ੍ਹਾਂ ਨੇ 1984 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਫੋਕ ਮਿਊਜ਼ਿਕ ਐਂਡ ਕਲਾਸੀਕਲ ਮਿਊਜ਼ਿਕ ਵਿਚ ਐੱਮ.ਫਿੱਲ ਅਤੇ 1989 ਵਿਚ ਪੰਜਾਬ 'ਵਰਸਿਟੀ ਚੰਡੀਗੜ੍ਹ ਤੋਂ ਏ ਮਿਊਜ਼ੀਕਾਲੋਜੀਕਲ ਸਟੱਡੀ ਆਫ ਗੁਰੂ ਨਾਨਕ ਬਾਣੀ ਵਿਸ਼ੇ ਵਿਚ ਪੀ. ਐੱਚਡੀ. ਦੀ ਡਿਗਰੀ ਹਾਸਿਲ ਕੀਤੀ।

ਪਿਤਾ ਸ. ਉੱਤਮ ਸਿੰਘ ਪਤੰਗ ਦੇ ਘਰ ਜਨਮਿਆ, 3 ਭਰਾਵਾਂ 'ਚੋਂ ਸਭ ਤੋਂ ਛੋਟਾ ਡਾ. ਗੁਰਨਾਮ ਸਿੰਘ ਭਾਰਤੀ ਕਲਾਸੀਕਲ ਸੰਗੀਤ, ਪੰਜਾਬੀ ਲੋਕ ਸੰਗੀਤ ਅਤੇ ਗੁਰਮਤਿ ਸੰਗੀਤ ਦਾ ਵਿਸ਼ੇਸ਼ ਮਾਹਿਰ ਹੈ। ਉਹਨਾਂ ਦੇ ਪਿਤਾ ਜੀ ਗੁਰਮਤਿ ਸੰਗੀਤ ਦੀ ਪ੍ਰਸਿੱਧ ਹਸਤੀ ਹੋ ਗੁਜ਼ਰੇ ਹਨ, ਜਿਨ੍ਹਾਂ ਨੇ ਆਪਣੀ ਸਮੁੱਚੀ ਜ਼ਿੰਦਗੀ ਗੁਰਬਾਣੀ ਸ਼ਬਦ ਕੀਰਤਨ ਕਰਦਿਆਂ ਬਿਤਾਈ। ਉਨ੍ਹਾਂ ਦੇ ਵੱਡੇ ਭਰਾ ਡਾ. ਜਾਗੀਰ ਸਿੰਘ ਵੀ ਗੁਰਮਤਿ ਸੰਗੀਤ ਦੇ ਪ੍ਰਵੀਣ ਗਾਇਕਾਂ 'ਚੋਂ ਹਨ, ਜੋ ਇਨ੍ਹੀਂ ਦਿਨੀਂ ਗੁਰਬਾਣੀ ਅਤੇ ਸੰਗੀਤ ਨਾਲ ਸੰਬੰਧਿਤ ਮਾਸਿਕ ਪੱਤ੍ਰਿਕਾ ਅੰਮ੍ਰਿਤ ਕੀਰਤਨ ਦਾ ਸੁਯੋਗ ਸੰਪਾਦਨ ਕਰ ਰਹੇ ਹਨ। ਪਿਤਾ ਅਤੇ ਭਰਾ ਨੂੰ ਕ੍ਰਮਵਾਰ 1988 ਅਤੇ 1991 ਵਿਚ ਮਿਲੇ ਸ਼੍ਰੋਮਣੀ ਰਾਗ ਪੁਰਸਕਾਰਾਂ ਵਾਂਗ ਡਾ. ਗੁਰਨਾਮ ਸਿੰਘ ਵੀ (2001 ਵਿਚ) ਸ਼੍ਰੋਮਣੀ ਰਾਗੀ ਪੁਰਸਕਾਰ ਪ੍ਰਾਪਤ ਕਰ ਚੁੱਕੇ ਹਨ। ਇਉਂ ਇਕੋ ਪਰਿਵਾਰ ਵਿਚ ਸ਼੍ਰੋਮਣੀ ਰਾਗੀ ਪੁਰਸਕਾਰ ਹਾਸਲ ਕਰਨ ਵਾਲੀਆਂ ਤਿੰਨ ਸ਼ਖਸੀਅਤਾਂ ਹਨ, ਜੋ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦਾ ਹੈ।

ਅੱਜਕੱਲ੍ਹ ਡਾ. ਗੁਰਨਾਮ ਸਿੰਘ ਪੰਜਾਬੀ 'ਵਰਸਿਟੀ ਪਟਿਆਲਾ ਵਿਖੇ ਪ੍ਰੋਫੈਸਰ ਅਤੇ ਮੋਢੀ ਮੁਖੀ ਗੁਰਮਤਿ ਸੰਗੀਤ ਚੇਅਰ, ਡੀਨ ਫੈਕਲਟੀ ਆਫ ਆਰਟਸ ਐਂਡ ਕਲਚਰ ਅਤੇ ਪ੍ਰੋਜੈਕਟ ਡਾਇਰੈਕਟਰ ਭਾਈ ਰਣਧੀਰ ਸਿੰਘ ਆਨਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਜਿਹੇ ਵੱਕਾਰੀ ਅਹੁਦਿਆਂ 'ਤੇ ਬਿਰਾਜਮਾਨ ਹਨ। ਇਸ ਤੋਂ ਪਹਿਲਾਂ ਉਹ ਗੁਰੂ ਨਾਨਕ ਦੇਵ 'ਵਰਸਿਟੀ ਅੰਮ੍ਰਿਤਸਰ, ਪੰਜਾਬੀ 'ਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗਾਂ ਦੇ ਮੁਖੀ ਅਤੇ ਅਮਰੀਕਾ ਦੀ ਹਾਫਸਟਰਾ ਯੂਨੀਵਰਸਿਟੀ ਦੇ ਰਿਲੀਜਨ ਵਿਭਾਗ ਵਿਚ ਵਿਜ਼ਿਟਿੰਗ ਸਕਾਲਰ ਵਜੋਂ ਆਪਣੀਆਂ ਸੇਵਾਵਾਂ ਅਰਪਿਤ ਕਰ ਚੁੱਕੇ ਹਨ।

ਉਨ੍ਹਾਂ ਨੇ ਭਾਰਤੀ ਸ਼ਾਸਤਰੀ ਸੰਗੀਤ (ਗਾਇਨ) ਦੇ ਤਿੰਨ ਘਰਾਣਿਆਂ ਦੀ ਸਿਖਲਾਈ ਪ੍ਰਾਪਤ ਕੀਤੀ ਹੈ, ਜਿਨ੍ਹਾਂ ਵਿਚ ਗਵਾਲੀਅਰ ਘਰਾਣਾ (ਗੁਰਮਤਿ ਸੰਗੀਤ-ਆਚਾਰੀਆ ਪ੍ਰੋਫੈਸਰ ਤਾਰਾ ਸਿੰਘ ਪਾਸੋਂ) ਆਗਰਾ ਘਰਾਣਾ (ਪ੍ਰੋਫੈਸਰ ਸੋਹਨ ਸਿੰਘ ਪਾਸੋਂ) ਅਤੇ ਪਟਿਆਲਾ ਘਰਾਣਾ (ਉਸਤਾਦ ਬਾਕਰ ਹੁਸੈਨ ਪਾਸੋਂ) ਸ਼ਾਮਲ ਹਨ।

ਗੁਰਮਤਿ ਸੰਗੀਤ ਨੂੰ ਇਕ ਵਿਸ਼ੇ ਵਜੋਂ ਸਥਾਪਿਤ ਕਰਨ ਵਿਚ ਡਾ. ਗੁਰਨਾਮ ਸਿੰਘ ਦੀ ਦੇਣ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਇਸ ਨੂੰ ਗਰੈਜੂਏਟ ਅਤੇ ਪੋਸਟ-ਗਰੈਜੂਏਟ ਪੱਧਰ 'ਤੇ ਗੁਰੂ ਨਾਨਕ ਦੇਵ 'ਵਰਸਿਟੀ ਵਿਚ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਪੰਜਾਬੀ 'ਵਰਸਿਟੀ ਪਟਿਆਲਾ ਦੇ ਪੱਤਰ ਵਿਹਾਰ ਸਿੱਖਿਆ ਵਿਚ ਗੁਰਮਤਿ ਸੰਗੀਤ ਦਾ ਵਿਸ਼ਾ ਜਾਰੀ ਕਰਨ, ਗੁਰਮਤਿ ਸੰਗੀਤ ਵਿਭਾਗ ਸਥਾਪਿਤ ਕਰਨ, ਸੰਤ ਸੁੱਚਾ ਸਿੰਘ ਆਰਕਾਈਵਜ਼ ਆਫ ਮਿਊਜ਼ਿਕ ਉਸਾਰਨ ਵਿਚ 22 ਗੁਰਮਤਿ ਸੰਗੀਤਕਾਰਾਂ ਨੂੰ ਰਿਕਾਰਡ ਕਰਨ, ਗੁਰਮਤਿ ਸੰਗੀਤ ਭਵਨ ਦੀ ਉਸਾਰੀ ਕਰਨ, ਭਾਈ ਮਰਦਾਨਾ ਕਲਾਸੀਕਲ ਸੰਗੀਤ ਸਮਾਗਮ ਸ਼ੁਰੂ ਕਰਨ, ਕੈਨੇਡਾ ਅਤੇ ਅਮਰੀਕਾ ਵਿਖੇ ਗੁਰਮਤਿ ਸੰਗੀਤ ਅਤੇ ਕਲਾਸੀਕਲ ਸੰਗੀਤ ਵਰਕਸ਼ਾਪਾਂ ਆਯੋਜਿਤ ਕਰਨ ਵਿਚ ਡਾ. ਗੁਰਨਾਮ ਸਿੰਘ ਦੀ ਦੇਣ ਅਕਥ ਹੈ। ਇਉਂ ਉਨ੍ਹਾਂ ਨੂੰ ਇਕ ਵਿਅਕਤੀ ਦੀ ਥਾਂ ਇਕ ਸੰਸਥਾ ਵਜੋਂ ਮਾਣ ਹਾਸਲ ਹੈ।

ਡਾ. ਗੁਰਨਾਮ ਸਿੰਘ ਦੀ ਸੁਯੋਗ ਅਗਵਾਈ ਹੇਠ ਕਰੀਬ 20 ਵਿਦਿਆਰਥੀ ਗੁਰਮਤਿ ਸੰਗੀਤ/ਕਲਾਸੀਕਲ ਸੰਗੀਤ ਵਿਸ਼ੇ ਵਿਚ ਪੀਐੱਚ. ਡੀ., ਐੱਮ. ਫਿਲ ਦੀ ਡਿਗਰੀ ਕਰ ਰਹੇ/ਚੁੱਕੇ ਹਨ। ਉਹ ਹੁਣ ਤਕ ਗੁਰਮਤਿ ਸੰਗੀਤ/ਪੰਜਾਬੀ ਸੰਗੀਤਕਾਰਾਂ ਆਦਿ ਬਾਰੇ ਵਿਭਿੰਨ

ਯੂਨੀਵਰਸਿਟੀਆਂ/ਸੰਸਥਾਵਾਂ ਲਈ 15 ਖੋਜ ਪੁਸਤਕਾਂ ਲਿਖ ਚੁੱਕੇ ਹਨ। ਇਨ੍ਹਾਂ ਦੀ ਵਿਸ਼ਿਆਂ ਨਾਲ ਸੰਬੰਧਤ ਕਰੀਬ 40 ਖੋਜ-ਪੱਤਰ ਉਨ੍ਹਾਂ ਨੇ ਵਿਭਿੰਨ ਪੱਤਰ-ਪੱਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਕਰਵਾਏ ਹਨ। ਉਨ੍ਹਾਂ ਦੀਆਂ 75 ਖੋਜ-ਰਚਨਾਵਾਂ, 30 ਸੰਪਾਦਿਤ ਪੁਸਤਕਾਂ, 3 ਅਨੁਵਾਦਿਤ ਪੁਸਤਕਾਂ, 4 ਮੈਗਜ਼ੀਨਾਂ/ਸੋਵੀਨਰਾਂ ਦਾ ਸੰਪਾਦਨ, 4 ਡਾਕੂਮੈਂਟਰੀ ਫਿਲਮਾਂ, 9 ਵੀਡੀਓ ਲੈਕਚਰ, 22 ਆਡੀਓ ਕੈਸਿਟਾਂ, 9 ਸੰਗੀਤ ਨਿਰਦੇਸ਼ਨਾਵਾਂ, 6 ਪਿੱਠਵਰਤੀ ਸੰਗੀਤ, 20 ਵਿਸ਼ੇਸ਼ ਲੈਕਚਰ (ਰਿਫਰੈਸ਼ਰ ਕੋਰਸ, ਓਰੀਐਂਟਸ਼ਨ ਕੋਰਸ, ਕਾਨਫਰੰਸਾਂ ਵਿਚ) ਭਾਰਤ ਅਤੇ ਵਿਦੇਸ਼ ਵਿਚ ਕਰੀਬ 30 ਕਾਨਫਰੰਸਾਂ/ਸੈਮੀਨਾਰਾਂ ਦਾ ਆਯੋਜਨ, 200 ਤੋਂ ਵਧੀਕ ਯਾਦਗਾਰੀ ਪੇਸ਼ਕਾਰੀਆਂ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਖਤ ਸ੍ਰੀ ਦਮਦਮਾ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਪਟਿਆਲਾ ਵਿਰਾਸਤ ਮੇਲਾ, ਵਿਭਿੰਨ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਮਾਗਮਾਂ ਵਿਚ ਗੁਰਮਤਿ ਸੰਗੀਤ ਦੀ ਪੇਸ਼ਕਾਰੀ) ਇਸ ਖੇਤਰ ਵਿਚ ਉਨ੍ਹਾਂ ਦਾ ਬਹੁਮੱਲਾ ਯੋਗਦਾਨ ਹੈ। ਸੰਨ 2005 ਵਿਚ ਦੋ ਭਾਗਾਂ ਵਿਚ ਪ੍ਰਕਾਸ਼ਿਤ ਪੰਜਾਬਲ ਲੋਕ ਸੰਗੀਤ ਵਿਰਾਸਤ ਪੁਸਤਕ ਪੰਜਾਬੀ ਲੋਕ ਸੰਗੀਤ ਨੂੰ ਜਾਨਣ ਤੇ ਸਮਝਣ ਦਾ ਉੱਤਮ ਜ਼ਰੀਆ ਹੈ।

ਸੰਨ 1996 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੰਕੇਤ-ਧੁਨੀ ਵਿੱਦਿਆ ਵਿਚਾਰੀ ਤਾਂ ਪਰਉਪਕਾਰੀ ਬਣਾਉਣ ਤੋਂ ਇਲਾਵਾ ਉਨ੍ਹਾਂ ਨੇ ਆਲ ਇੰਡੀਆ ਰੇਡੀਓ ਪਟਿਆਲਾ ਲਈ ਅੰਮ੍ਰਿਤ ਬਾਣੀ (1995), ਸੰਤਾਂ ਹਾਥ ਰਖੀ ਕੁੰਜੀ (1996), ਆਲ ਇੰਡੀਆ ਰੇਡੀਓ ਜਲੰਧਰ ਲਈ ਮਿਸ਼ਰੀ ਕੜੱਕ ਬੋਲਦੀ (1996), ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਲਈ ਧੰਨ ਲੇਖਾਰੀ ਨਾਨਕਾ (1996) ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪੇਸ਼ਕਸ਼ ਮਹਾਂਬਲੀ ਰਣਜੀਤ ਸਿੰਘ ਦੀ ਸਿਮ੍ਰਤੀ ਧੁਨ (2001) ਆਦਿ ਸਿਗਨੇਚਰ-ਟਿਊਨਜ਼ ਤਿਆਰ ਕੀਤੀਆਂ ਹਨ।

ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਨੂੰ ਦਿੱਤੇ ਯੋਗਦਾਨ ਬਦਲੇ ਡਾ. ਗੁਰਨਾਮ ਸਿੰਘ ਨੂੰ ਅਨੇਕਾਂ ਸੰਸਥਾਵਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਅਤੇ ਪੁਰਸਕ੍ਰਿਤ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ 2001 ਵਿਚ ਸ਼੍ਰੋਮਣੀ ਰਾਗੀ ਪੁਰਸਕਾਰ ਵਜੋਂ ਇਕ ਲੱਖ ਰੁਪਏ ਨਕਦ, ਸੰਗੀਤ ਨਾਟਕ ਅਕਾਦਮੀ ਨਵੀਂ ਦਿੱਲੀ ਵੱਲੋਂ 2003 ਵਿਚ ਸੀਨੀਅਰ ਫੈਲੋਸ਼ਿਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ 2006 ਵਿਚ ਗੁਰਮਤਿ ਸੰਗੀਤ ਲਈ ਵਿਸ਼ੇਸ਼ ਸਨਮਾਨ, ਪੰਜਾਬੀ ਸੱਥ ਲਾਂਬੜਾਂ, ਜਲੰਧਰ ਵੱਲੋਂ 2007 ਵਿਚ ਸੰਗੀਤ ਲਈ ਭਾਈ ਮਰਦਾਨਾ ਪੁਰਸਕਾਰ, ਸਿੱਖ ਐਜੂਕੇਸ਼ਨਲ ਸੁਸਾਇਟੀ ਚੰਗੀਗੜ੍ਹ ਵੱਲੋਂ 2007 ਵਿਚ ਸ਼੍ਰੋਮਣੀ ਰਾਗੀ ਸਨਮਾਨ, 2008 ਵਿਚ ਸੰਤ ਸੁਜਾਨ ਸਿੰਘ ਜੀ ਮਹਾਰਾਜ ਯਾਦਗਾਰੀ ਸਨਮਾਨ, 2008 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਵੱਲੋਂ ਰਾਗਬੱਧ ਕੀਰਤਨ ਲਈ ਸਨਮਾਨ ਸ਼ਾਮਲ ਹਨ। ਇਸ ਸਾਲ (2010) ਆਜ਼ਾਦੀ ਦਿਵਸ 'ਤੇ ਉਨ੍ਹਾਂ ਨੂੰ ਮੁੱਖ ਮੰਤਰੀ ਵੱਲੋਂ ਰਾਜ-ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਡਾ. ਗੁਰਨਾਮ ਸਿੰਘ ਬਹੁਤ ਸਾਰੀਆਂ ਅਕਾਦਮਿਕ ਅਤੇ ਪੇਸ਼ੇਵਾਰਾਨਾ ਸੰਸਥਾਵਾਂ ਨਾਲ ਮੈਂਬਰ/ਆਜੀਵਨ ਮੈਂਬਰ ਵਜੋਂ ਜੁੜ ਹੋਏ ਹਨ, ਜਿਨ੍ਹਾਂ ਵਿਚ ਗੁਰਮਤਿ ਸੰਗੀਤ ਫਾਊਂਡੇਸ਼ਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀਂ ਦਿੱਲੀ, ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਭਾਸ਼ਾ ਅਕੈਡਮੀ ਜਲੰਧਰ ਅਤੇ ਬਾਲ ਵਿਸ਼ਵ ਕੋਸ਼ ਆਦਿ ਸ਼ਾਮਲ ਹਨ।

ਉਨ੍ਹਾਂ ਦੇ ਹੱਥਲੇ ਕਾਰਜਾਂ ਵਿਚ ਸਿੱਖ ਸੰਗੀਤ ਦੀ ਪਰਿਭਾਸ਼ਿਕ ਸ਼ਬਦਾਵਲੀ ਬਾਰੇ ਹਵਾਲਾ ਪੁਸਤਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ 31 ਰਾਗਾਂ ਬਾਰੇ ਆਡੀਓ ਰਿਕਾਰਡਿੰਗ ਤਿਆਰ ਕਰਨੀ ਸ਼ਾਮਲ ਹੈ। ਵਿਚਾਰ ਅਧੀਨ ਲਿਖਤ ਵਿਚ ਡਾ. ਗੁਰਨਾਮ ਸਿੰਘ ਦੀ ਵਿਸ਼ੇਸ਼ ਦੇਣ, ਪ੍ਰਮੁੱਖ ਰਚਨਾਵਾਂ ਅਤੇ ਵਿਸ਼ਿਸ਼ਟ ਪੇਸ਼ਕਾਰੀਆਂ ਬਾਰੇ ਸੰਖਿਪਤ ਵੇਰਵਾ ਵੀ ਦਿੱਤਾ ਗਿਆ ਹੈ। ਉਨ੍ਹਾਂ ਦੇ ਵਿਸਤ੍ਰਿਤ ਕਾਰਜਾਂ ਲਈ ਇਸ ਤੋਂ ਪੰਜ ਗੁਰਣਾ ਚਰਚਾ ਹੋਰ ਲੋੜੀਂਦੀ ਹੈ।

ਨਿੱਘੇ, ਮਿਲਾਪੜੇ, ਨਿਰਮਾਣ ਅਤੇ ਸ਼ਾਂਤ ਸੁਭਾਅ ਵਾਲੇ ਪ੍ਰੋਫੈਸਰ ਗੁਰਨਾਮ ਸਿੰਘ ਦੀ ਜ਼ਿੰਦਗੀ ਬੜੀ ਰੁਝੇਵਿਆਂ ਭਰੀ ਹੈ। ਉਹ 1994 ਤੋਂ ਆਲ ਇੰਡੀਆ ਰੇਡੀਓ ਜਲੰਧਰ ਅਤੇ ਦੂਰਦਰਸ਼ਨ ਦੇ ਪ੍ਰਵਾਨਿਤ ਕਲਾਕਾਰ ਹਨ। ਪੰਜਾਬਲ ਲੋਕ ਸੰਗੀਤ, ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਨਾਲ ਜੁੜ ਖੋਜ ਵਿਦਿਆਰਥੀ ਅਤੇ ਸਰੋਤੇ ਉਨ੍ਹਾਂ ਦੀ ਪੈਨੀ, ਨਿਕਟ ਅਤੇ ਸੂਖਮ ਸੰਗੀਤ ਸੂਝ ਤੋਂ ਲਾਭ ਉਠਾ ਸਕਦੇ ਹਨ।

ਸ਼ਾਲਾ, ਉਨ੍ਹਾਂ ਦੀ ਉਮਰ ਦਰਾਜ ਹੋਵੇ ਅਤੇ ਉਹ ਇਸੇ ਤਰ੍ਹਾਂ ਨਿਰੰਤਰ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕਾਰਜਸ਼ੀਲ ਰਹਿਣ-ਇਹੀ ਸਾਡੀ ਉਨ੍ਹਾਂ ਲਈ ਦਿਲੀ ਅਰਦਾਸ ਅਤੇ ਕਾਮਨਾ ਹੈ।

(ਧੰਨਵਾਦ ਸਹਿਤ "ਦੇਸ਼ਬਾਣੀ" ਵਿਚੋਂ)

# ਰਿਸ਼ਮ ਚਾਨਣੀ

## ਡਾ. ਗੁਰਮੀਤ ਸਿੰਘ ਬੈਦਵਾਣ

ਪੀਰ ਗੁਰ ਬਾਬਾ
ਨੂਰ ਇਲਾਹੀ
ਅਣਥੱਕ ਰਾਹੀ

❖❖❖

ਨੇੜੇ ਹੋ ਸੁਣਦਾ
ਕਲੀਆਂ ਤੇ ਭੌਰਿਆਂ
ਦੀ ਗੁਫਤਗੂ
ਪੌਣ ਸੁਰਾਂ ਚੋਂ
ਅਨਹਦ ਨਾਦ
ਤੇ ਸੁਣ ਲੈਂਦਾ
ਮਨੁੱਖੀ ਹਿਰਦਿਆਂ
ਦੀ ਆਵਾਜ਼।

❖❖❖

ਮੌਸਮਾਂ ਚ ਰੰਗ ਭਰਦਾ
ਸੁਖਦ ਸੁਹਜ ਵੰਡਦਾ
ਹਰ ਕਿਸੇ ਨੂੰ
ਮਿਲਦਾ ਜਾਂਦਾ
ਸਹਿਜ ਸੁਭਾਅ
ਜਾ ਦਸਤਕ ਦਿੰਦਾ
ਦਿਲ ਕਿਸੇ ਦੇ
ਭੀੜੇ ਬੂਹੇ

❖❖❖

ਬਿਹਬਲ ਹੋ ਉੱਠਦਾ
ਜਾਣ ਕੇ ਦਰਦ
ਸਮੇਂ ਦੀ ਨਬਜ਼
ਫੜ ਬਹਿੰਦਾ
ਟੋਹ ਲੈਂਦਾ
ਪਰਛਾਵੇਂ ਦੀ ਪੈੜ
ਤੇ ਕੱਢ ਲੈਂਦਾ
ਰਾਹ ਸੁਹੇਲੇ

❖❖❖

ਜੰਗਲ ਬੇਲੇ
ਬੇਪਰਵਾਹ ਸੌਂ ਰਹਿੰਦਾ
ਬਿਸੀਅਰਾਂ ਦੀ
ਤਪਸ਼ ਠਾਰਦਾ
ਕੁਦਰਤ ਸੰਗ ਖੇਡਦਿਆਂ
ਮਿਲੀ ਆਲਮੀ ਬਰਕਤ
ਬੁੱਕਾਂ ਭਰ-ਭਰ
ਵੰਡਦਾ ਜਾਂਦਾ।

❖❖❖

ਕੁਝ ਪਲ ਗਮਗੀਨ ਰਹਿੰਦਾ
ਫਿਰ ਉੱਠ ਬਹਿੰਦਾ
ਤੇ ਕਹਿੰਦਾ
ਚਲੋ ਚਿਤਵੀਏ
ਸਿਰਜਣਹਾਰ
ਬੱਦਲਾਂ ਤੋਂ ਪਾਰ
ਚਾਨਣ ਤੱਕੀਏ, ਤੇ
ਸੁਰਤ ਵਿਚ ਚਾਨਣ ਭਰੀਏ

❖❖❖

ਉੱਚੇ ਪਰਬਤ
ਝਰਨਿਆਂ ਸੰਗ
ਮਸਤੀ ਦੇ ਵਿਚ
ਝੂਮਣ ਲਗਦਾ
ਕੁਦਰਤ ਦੇ ਬਲਿਹਾਰੀ
ਬਾਬਾ ਕਦੇ ਨਾ ਗਾਉਂਦਾ
ਜੇ ਨਾ ਤੱਕਦਾ
ਅਜਬ ਨਜ਼ਾਰੇ।

❖❖❖

ਰਬਾਬ ਤੇ ਗਜ ਫਿਰਦਾ
ਧੁਰ ਕੀ ਬਾਣੀ
ਗਾਉਣ ਲੱਗਦਾ
ਤੇ ਮੁੜ ਪੈਂਦਾ
ਤਪਦੇ ਆਲਮ
ਜਿੱਥੋਂ ਸੀ ਛੱਡ ਤੁਰਿਆ
ਮਾਣਸ ਖਾਣੇ
ਆਦਮ ਬੋ

❖❖❖

ਫਿਰ ਕੁਝ ਪੈੜਾਂ
ਬਰੇਤੀ ਤੇ
ਨਦੀ ਦਾ ਰੁਖ ਕਰਦੀਆਂ
ਤੇ ਕੁਝ
ਸ਼ਹਿਰ ਜਾ ਵੜਦੀਆਂ
ਮੁੜ ਨਦੀ ਚੋਂ ਹੋਕਾ ਉੱਠਦਾ
ਤਾਰਨ ਵਾਲਾ
ਕਦੇ ਨਾ ਡੁੱਬਦਾ

❖❖❖

ਪੂਰਾ ਸੂਰਾ ਪ੍ਰਗਟ ਹੁੰਦਾ
ਜਾ ਜੂਝਦਾ
ਰਣ ਤੱਤੇ ਵਿਚ
ਸ਼ਬਦ-ਬਣ ਛੱਡਦਾ
ਤੇ ਵਿੰਨ੍ਹ ਸੁੱਟਦਾ
ਖੂੰਖਾਰੇ ਬਦਨ
ਜੋ ਮਲੂਕੜੇ ਬੋਲਾਂ ਦੀ
ਅਨਹੋਣੀ ਸਨ ਬਣਦੇ

❖❖❖

ਨਵਾਂ ਨਰੋਆ ਆ ਬਹੁੜਦਾ
ਕੱਤੇ ਦੀ ਹਰ ਪੂਰਨਮਾ ਨੂੰ
ਰਿਸ਼ਮ ਚਾਨਣੀ ਖਿੜ ਖਿੜਾਵੇ
ਕਿੱਥੋਂ ਅਸੀਂ
ਕਿੱਥੇ ਹਾਂ ਪਹੁੰਚੇ
ਇਹ ਵੇਖਣ ਲਈ
ਗੇੜਾ ਲਾਵੇ

❖❖❖

ਪੀਰ ਗੁਰ ਬਾਬਾ
ਨੂਰ ਇਲਾਹੀ
ਅਣਥੱਕ ਰਾਹੀਂ

❖❖❖

ਪਿੰਡ ਬਾਸੀਆਂ ਬੈਦਵਾਣ, ਡਾਕਘਰ ਮੱਛਲੀ ਕਲਾਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਮੋਬਾਇਲ : 98550 16660

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਸਤਵਾਂ ਗੁਰਮਤਿ ਸੰਗੀਤ ਉਤਸਵ-2010

ਡਾ. ਕੰਵਲਜੀਤ ਸਿੰਘ

ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਵਿਚ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਯੋਗਦਾਨ ਵਿਸ਼ਵ ਭਰ ਵਿਚ ਸਰਾਹਿਆ ਜਾਂਦਾ ਹੈ। ਡਾ. ਗੁਰਨਾਮ ਸਿੰਘ, ਫਾਉਂਡਰ ਮੁਖੀ ਗੁਰਮਤਿ ਸੰਗੀਤ ਵਿਭਾਗ ਅਤੇ ਚੇਅਰ ਦੀ ਦੁਆਰਾ ਗੁਰਮਤਿ ਸੰਗੀਤ ਪ੍ਰੋਜੈਕਟ ਦੇ ਤਹਿਤ ਅੰਡਰ-ਮੈਟ੍ਰਿਕ ਪੱਧਰ ਤੋਂ ਆਰੰਭ ਕਰਕੇ ਸਰਟੀਫਿਕੇਟ, ਡਿਪਲੋਮਾ, ਬੀ.ਏ., ਐਮ.ਏ., ਪੀਐਚ.ਡੀ., ਤੱਕ ਗੁਰਮਤਿ ਸੰਗੀਤ ਨੂੰ ਪੰਜਾਬ ਦੀਆਂ ਵਿਭਿੰਨ ਯੂਨੀਵਰਸਿਟੀਆਂ ਅਤੇ ਸਿਖਿਆ ਬੋਰਡਾਂ ਤੋਂ ਮਾਣਤਾ ਦਿਵਾਉਣ ਦੇ ਨਾਲ ਨਾਲ ਗੁਰਮਤਿ ਸੰਗੀਤ ਦੀਆਂ ਕਿਰਿਆਤਮਿਕ ਪੇਸ਼ਕਾਰੀਆਂ ਲਈ ਅਨੇਕਾਂ ਪ੍ਰੋਗ੍ਰਾਮ ਉਲੀਕੇ ਗਏ ਹਨ। ਬਜ਼ੁਰਗ ਪੀੜੀ ਤੋਂ ਪ੍ਰਾਪਤ ਗਿਆਨ ਨੂੰ ਵਰਤਮਾਨ ਪੀੜੀ ਦੇ ਸਨਮੁਖ ਕਰਦਿਆਂ ਨਵੀਂ ਪੀੜੀ ਦੀ ਪਹਿਚਾਣ ਹਿਤ ਗੁਰਮਤਿ ਸੰਗੀਤ ਵਿਭਾਗ ਵਲੋਂ ਸਮੇਂ-ਸਮੇਂ ਅਨੇਕਾਂ ਯਤਨ ਕੀਤੇ ਜਾਂਦੇ ਰਹੇ ਹਨ। ਪੰਜਾਬੀ ਯੂਨੀਵਰਸਿਟੀ ਵਲੋਂ ਆਰੰਭ ਕੀਤੀ ਗਈ ਗੁਰਮਤਿ ਸੰਗੀਤ ਉਤਸਵਾਂ ਦੀ ਲੜੀ ਅਧੀਨ ਸਤਵਾਂ ਗੁਰਮਤਿ ਸੰਗੀਤ ਉਤਸਵ 11-15 ਅਕਤੂਬਰ, 2010 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨਾਲ ਸਾਂਝੇ ਰੂਪ ਵਿਚ ਗੁਰਮਤਿ ਸੰਗੀਤ ਭਵਨ ਅਤੇ ਕਲਾ ਭਵਨ ਵਿਖੇ ਆਯੋਜਿਤ ਕੀਤਾ ਗਿਆ।

ਸਮਾਗਮ ਦਾ ਉਦਘਾਟਨ ਕਲਾ ਭਵਨ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ 'ਮੱਕੜ' ਦੁਆਰਾ ਕੀਤਾ ਗਿਆ। ਮੁਖ ਮਹਿਮਾਨ ਦਾ ਸੁਆਗਤ ਕਰਦਿਆਂ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਵਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਦੇ ਕੀਰਤਨ ਦੇ ਨਾਲ ਤੰਤੀ ਸਾਜ਼ ਵਾਦਕਾਂ ਦੀ ਨਿਯੁਕਤੀ ਅਤੇ ਸਰਪ੍ਰਸਤੀ ਜਥੇਦਾਰ ਅਵਤਾਰ ਸਿੰਘ ਦੇ ਨਿੱਜੀ ਯਤਨਾਂ ਸਦਕਾ ਹੀ ਸੰਭਵ ਹੋ ਸਕੀ ਹੈ। ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਵਿਭਾਗ ਵਲੋਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਅਤੇ ਪਰਚਾਰ ਲਈ ਕੀਤੇ ਜਾ ਰਹੇ ਕਾਰਜਾਂ ਦਾ ਵੇਰਵਾ ਦਿੰਦਿਆਂ ਆਏ ਹੋਏ ਮਹਿਮਾਨਾਂ ਦਾ ਅਭਿਨੰਦਨ ਕੀਤਾ। ਉਨ੍ਹਾਂ ਦਸਿਆ ਕਿ ਗੁਰਮਤਿ ਸੰਗੀਤ ਉਤਸਵ ਦੌਰਾਨ 11-14 ਅਕਤੂਬਰ, 2010 ਨੂੰ ਗੁਰਮਤਿ ਸੰਗੀਤ ਪ੍ਰਤਿਯੋਗਤਾ ਦਾ ਆਯੋਜਨ ਕੀਤਾ ਗਿਆ। ਇਸ ਦੇ ਨਾਲ ਹੀ 12-13 ਅਕਤੂਬਰ, 2010 ਸ਼ਾਮ ਨੂੰ ਗੁਰਮਤਿ ਸੰਗੀਤ ਸਮਾਗਮ ਦੌਰਾਨ ਪੰਥ ਦੇ ਪ੍ਰਸਿਧ ਕੀਰਤਨੀਏ ਸੰਗਤਾਂ ਨੂੰ ਰਾਗਮਈ ਕੀਰਤਨ ਨਾਲ ਨਿਹਾਲ ਕੀਤਾ। ਦੋਵੇਂ ਦਿਨ ਗੁਰਮਤਿ ਸੰਗੀਤ ਸਮਾਗਮ ਦੀ ਸਮਾਪਤੀ ਉਪਰੰਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਵਲੋਂ ਗਤਕਾ ਖੇਡਿਆ ਗਿਆ। ਇਸ ਵਾਰ ਗੁਰਮਤਿ ਸੰਗੀਤ ਵਿਭਾਗ ਵਲੋਂ ਫਾਈਨ-ਆਰਟਸ ਵਿਭਾਗ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਦੀ ਪ੍ਰਕ੍ਰਿਤੀ ਸਬੰਧੀ ਗੁਰਫੁਰਮਾਨਾਂ ਦੀ ਅਗਵਾਈ ਵਿਚ ਰਾਗ ਧਿਆਨ ਚਿਤਰਾਂ ਦੀਆਂ ਮਿਨੀਏਚਰ ਪੇਟਿੰਗਜ਼ ਬਣਵਾਉਣ ਲਈ ਵਿਸ਼ੇਸ਼ ਯਤਨ ਆਰੰਭੇ ਗਏ। ਗੁਮਮਤਿ ਸੰਗੀਤ ਉਤਸਵ ਦੇ ਉਦਘਾਟਨੀ ਭਾਸ਼ਨ ਦੌਰਾਨ ਜਥੇਦਾਰ ਅਵਤਾਰ ਸਿੰਘ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਸਿਆ ਕਿ ਗੁਰਮਤਿ ਸੰਗੀਤ ਵਿਭਾਗ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਸ਼ਲਾਘਾਯੋਗ ਕਾਰਜ ਕਰ ਰਿਹਾ ਹੈ। ਇਨ੍ਹਾਂ ਵਲੋਂ ਸ਼੍ਰੋਮਣੀ ਕਮੇਟੀ ਕੋਲੋਂ ਜਿਹੋ ਜਿਹੀ ਸੇਵਾ ਲੋੜੀਂਦੀ ਹੋਵੇ ਅਸੀਂ ਹਮੇਸ਼ਾਂ ਤਿਆਰ ਬਰ ਤਿਆਰ ਰਹਾਂਗੇ। ਇਸ ਸਮਾਗਮ ਵਿਚ ਬੀਬੀ ਜਸਬੀਰ ਕੌਰ 'ਖ਼ਾਲਸਾ', ਚੇਅਰਪਰਸਨ, ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਉਂਡੇਸ਼ਨ ਵਿਸ਼ੇਸ਼ ਰੂਪ ਵਿਚ ਹਾਜ਼ਰ ਹੋਏ। ਬੀਬੀ ਜੀ ਗੁਰਮਤਿ ਸੰਗੀਤ ਚੇਅਰ ਲਈ ਹਰ ਵਰ੍ਹੇ ਛੇ ਲੱਖ ਰੁਪੈ ਦੀ ਰਾਸ਼ੀ ਦਿੰਦੇ ਹਨ। ਉਨ੍ਹਾਂ ਦੀ ਸਰਪ੍ਰਸਤੀ ਵਿਚ ਹੀ ਪੰਜਾਬੀ ਯੂਨੀਵਰਸਿਟੀ ਦੁਆਰਾ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਉਤਸਵ ਵਿਚ ਵਿਸ਼ੇਸ਼ ਉਦਘਾਟਨੀ ਲੈਕਚਰ ਕਰਦਿਆਂ ਉੱਘੇ ਭਾਰਤੀ ਸੰਗੀਤਕਾਰ ਸਿੰਘਬੰਧੂ ਸ੍ਰ. ਸੁਰਿੰਦਰ ਸਿੰਘ ਪਦਮਸ੍ਰੀ ਨੇ ਪੰਜਾਬੀ ਯੂਨੀਵਰਸਿਟੀ ਦੁਆਰਾ ਚਲਾਏ ਜਾ ਰਹੇ ਗੁਰਮਤਿ ਸੰਗੀਤ ਪ੍ਰੋਜੈਕਟਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਦਸਿਆ ਕਿ ਬੇਬੇ

ਨਾਨਕੀ ਵਲੋਂ ਗੁਰੂ ਨਾਨਕ ਨੂੰ ਰਬਾਬ ਖਰੀਦਣ ਲਈ ਦਿੱਤੇ ਸੱਤ ਰੁਪੈ ਸਿਖ ਸੰਗੀਤ ਦੇ ਸੱਤ ਸੁਰ ਸਨ, ਜਿਨ੍ਹਾਂ ਦੀ ਝੁੰਨਕਾਰ ਸਾਨੂੰ ਗੁਰਮਤਿ ਸੰਗੀਤ ਦੇ ਰੂਪ ਵਿਚ ਪ੍ਰਾਪਤ ਹੋ ਰਹੀ ਹੈ।

ਗੁਰਮਤਿ ਸੰਗੀਤ ਉਤਸਵ ਦੇ ਵਿਧੀਵਤ ਉਦਘਾਟਨੀ ਸਮਾਰੋਹ ਤੋਂ ਬਾਅਦ ਪਹਿਲੇ ਦਿਨ ਲਈ ਨਿਸ਼ਚਿਤ ਗਰੁਪ ਸ਼ਬਦ ਗਾਇਨ ਪ੍ਰਤਿਯੋਗਤਾ (ਸੀਨੀਅਰ ਅਤੇ ਜੂਨੀਅਰ ਕੈਟਾਗਰੀ) ਦੇ ਮੁਕਾਬਲੇ ਕਲਾ ਭਵਨ ਵਿਖੇ ਆਰੰਭ ਹੋਏ। ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਲਈ ਪੰਜਾਬ ਅਤੇ ਇਸਦੇ ਨਾਲ ਲਗਦੇ ਰਾਜਾਂ ਤੋਂ ਟੀਮਾਂ ਪਹੁੰਚੀਆਂ ਹੋਈਆਂ ਸਨ। ਗਰੁਪ ਸ਼ਬਦ ਗਾਇਨ ਮੁਕਾਬਲਿਆਂ ਦੇ ਨਿਰਣਾਇਕਾਂ ਵਿਚ ਵਿਸ਼ਵ ਪ੍ਰਸਿਧ ਵਿਦਵਾਨ ਕੀਰਤਨਕਾਰ ਡਾ. ਜਾਗੀਰ ਸਿੰਘ, ਅੰਮ੍ਰਿਤ ਕੀਰਤਨ ਟ੍ਰੱਸਟ, ਚੰਡੀਗੜ, ਪ੍ਰੋ. ਗੁਰਪ੍ਰਤਾਪ ਸਿੰਘ 'ਗਿਲ', ਫਾਉਂਡਰ ਮੁਖੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਡਾ. ਜਸਬੀਰ ਕੌਰ, ਪੰਜਾਬੀ ਯੂਨੀਵਰਸਿਟੀ ਵਿਸ਼ੇਸ਼ ਰੂਪ ਵਿਚ ਪੁੱਜੇ ਸਨ। ਸੰਗਤਾਂ ਦੇ ਭਰਪੂਰ ਇਕੱਠ ਵਿਚ ਨੌਜੁਆਨ ਕੀਰਤਨਕਾਰਾਂ ਵਲੋਂ ਆਪਣੀਆਂ ਕੀਰਤਨ ਪ੍ਰਸਤੁਤੀਆਂ ਕੀਤੀਆਂ ਗਈਆਂ। ਇਸ ਪ੍ਰਤਿਯੋਗਤਾ ਦੀ ਵਿਸ਼ੇਸ਼ਤਾ ਰਹੀ ਕਿ ਬਹੁਤੇ ਜਥਿਆਂ ਵਲੋਂ ਗੁਰਮਤਿ ਸੰਗੀਤ ਦੀ ਆਲੋਪ ਹੋ ਰਹੀ ਗਾਇਨ ਸ਼ੈਲੀ ਪੜਤਾਲ ਗਾਇਨ ਦੀ ਪ੍ਰਸਤੁਤੀ ਨਾਲ ਇਹ ਸੁਨੇਹਾ ਦਿੱਤਾ ਕਿ ਸਿਖ ਕੌਮ ਦੀ ਵਿਰਾਸਤ ਸੰਭਾਲਣ ਵਾਲੇ ਇਹ ਨੌਜੁਆਨ ਆਪਨੇ ਵਿਰਸੇ ਦੀ ਸੰਭਾਲ ਲਈ ਯਤਨਸ਼ੀਲ ਹਨ। ਸ਼ਬਦ ਕੀਰਤਨ ਵਿਚ ਤੰਤੀ ਸਾਜ਼ਾਂ ਦਾ ਪ੍ਰਯੋਗ, ਜੋੜੀ ਦੇ ਖੁਲੇ ਬੋਲਾਂ ਦਾ ਵਾਦਨ, ਮੁਕਤ ਕੰਠ ਨਾਲ ਪ੍ਰਸਤੁਤ ਰਾਗਮਈ ਸ਼ਬਦਾਂ ਨੇ ਆਲੌਕਿਕ ਨਜ਼ਾਰਾ ਸਿਰਜਿਆ ਜਿਸ ਦੀ ਵਿਆਖਿਆ ਕਰਨਾ ਗੂੰਗੇ ਕੀ ਮਠਿਆਈ ਵਾਲੀ ਗਲ ਹੈ। ਇਨ੍ਹਾਂ ਮੁਕਾਬਲਿਆਂ ਵਿਚ ਜੂਨੀਅਰ ਕੈਟਾਗਰੀ ਵਿਚ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਨੇ ਪਹਿਲਾ, ਸਨਫਲਾਵਰ ਹਾਈ ਸਕੂਲ, ਪਟਿਆਲਾ ਨੇ ਦੂਜਾ ਅਤੇ ਸਪਤ ਸਾਗਰ ਸੰਗੀਤ ਅਕੈਡਮੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸੀਨੀਅਰ ਕੈਟਾਗਰੀ ਵਿਚ ਭਾਈ ਜਸਪਿੰਦਰ ਸਿੰਘ (ਅੰਬਾਲਾ) ਦੇ ਜਥੇ ਨੇ ਪਹਿਲਾ, ਭੈਣੀ ਸਾਹਿਬ ਸੰਗੀਤ ਅਕੈਡਮੀ ਨੇ ਦੂਜਾ ਅਤੇ ਭਾਈ ਮਨਜਿੰਦਰ ਸਿੰਘ (ਸ੍ਰੀ ਆਨੰਦਪੁਰ ਸਹਿਬ) ਦੇ ਜਥੇ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੂਨੀਅਰ ਕੈਟਾਗਰੀ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਮੈਡਲ, ਸਰਟੀਫਿਕੇਟ ਅਤੇ ਸੰਤ ਸੁਜਾਨ ਸਿੰਘ ਜੀ ਦੇ ਕੀਰਤਨ ਦੀਆਂ ਸੀਡੀਆਂ ਦੇ ਨਾਲ ਨਾਲ ਗਿਆਰਾਂ ਹਜ਼ਾਰ, ਇਕਵੰਜਾ ਸੋ, ਇਕੱਤੀ ਸੋ ਰੁਪੈ ਦੇ ਨਕਦ ਪੁਰਸਕਾਰ ਵੀ ਦਿੱਤੇ ਗਏ। ਇਸੇ ਤਰ੍ਹਾਂ ਸੀਨੀਅਰ ਕੈਟਾਗਰੀ ਵਿਚ ਜੇਤੂ ਟੀਮਾ ਨੂੰ ਪਹਿਲਾ, ਦੂਜਾ, ਤੀਜਾ ਇਨਾਮ ਦਿੰਦਿਆਂ ਇੱਕੀ ਹਜ਼ਾਰ, ਗਿਆਰ੍ਹਾਂ ਹਜ਼ਾਰ ਅਤੇ ਇਕਵੰਜਾ ਸੋ ਰੁਪੈ ਦੇ ਨਗਦ ਪੁਰਸਕਾਰ ਦਿੱਤੇ ਗਏ। ਗੁਰਮਤਿ ਸੰਗੀਤ ਵਿਭਾਗ ਵਲੋਂ ਗੁਰਮਤਿ ਸੰਗੀਤ ਉਤਸਵ ਵਿਚ ਸ਼ਿਰਕਤ ਕਰ ਰਹੇ ਸਮੂਹ ਵਿਦਿਆਰਥੀਆਂ, ਭਾਗੀਦਾਰਾਂ, ਅਧਿਆਪਕਾਂ ਅਤੇ ਸੰਗੀਤਕਾਰਾਂ ਦੇ ਰਿਹਾਈਸ਼ ਅਤੇ ਲੰਗਰ ਲਈ ਸ਼੍ਰੋਮਣੀ ਗੁਰਦੁਆਰਾ ਕਮੇਟੀ ਨਾਲ ਮਿਲ ਕੇ ਉਚੇਚੇ ਪ੍ਰਬੰਧ ਕੀਤੇ ਹੋਏ ਸਨ। ਸੰਗਤਾਂ ਦੇ ਆਉਣ ਜਾਣ ਲਈ ਬਸਾਂ-ਗੱਡੀਆਂ ਦਾ ਉਚਿਤ ਪ੍ਰਬੰਧ ਵੀ ਕੀਤਾ ਗਿਆ ਸੀ।

ਸ਼ਾਮ ਤਿੰਨ ਵਜੇ ਗੁਰਮਤਿ ਸੰਗੀਤ ਭਵਨ ਵਿਖੇ ਰਾਜਸਥਾਨ ਤੋਂ ਵਿਸ਼ੇਸ਼ ਰੂਪ ਵਿਚ ਆਮੰਤ੍ਰਿਤ ਕੀਤੇ ਗਏ ਕਲਾਕਾਰਾਂ ਵਲੋਂ ਡਾ. ਗਰਚਾ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਪਰੰਪਰਾ ਅਧੀਨ ਪ੍ਰਚੱਲਿਤ ਰਾਗਾਂ ਦੇ ਧਿਆਨ ਚਿੱਤਰਾਂ ਦੀ ਇਕ ਵਰਕਸ਼ਾਪ ਦਾ ਉਦਘਾਟਨ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਵਲੋਂ ਕੀਤਾ ਗਿਆ। ਇਸ ਵਰਕਸ਼ਾਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਿਭਿੰਨ ਰਾਗਾਂ ਸਬੰਧੀ ਆਏ ਗੁਰ ਫੁਰਮਾਨਾਂ ਦੀ ਲੋਅ ਵਿਚ ਉਨ੍ਹਾਂ ਦੀਆਂ ਮਿਨੀਏਚਰ ਪੇਟਿੰਗਜ਼ ਤਿਆਰ ਕਰਨ ਦਾ ਕਾਰਜ ਆਰੰਭਿਆ ਗਿਆ। ਵਰਕਸ਼ਾਪ ਦੇ ਆਰੰਭ ਵਿਚ ਡਾ. ਗੁਰਨਾਮ ਸਿੰਘ, ਡਾ. ਅੰਮ੍ਰਿਤਪਾਲ ਕੌਰ, ਡਾ. ਜਸਬੀਰ ਸਿੰਘ ਭਾਟੀਆ ਅਤੇ ਡਾ. ਗਰਚਾ ਵਲੋਂ ਪੇਟਿੰਗ ਵਰਕਸ਼ਾਪ ਦੇ ਕਲਾਕਾਰਾਂ ਦੀ ਅਗਵਾਈ ਲਈ ਖੋਜ ਭਰਪੂਰ ਲੇਖ ਪਰਚੇ ਪੜ੍ਹੇ ਜਿਨ੍ਹਾਂ ਦੀ ਲੋਅ ਵਿਚ ਰਾਜਸਥਾਨ ਤੋਂ ਆਏ ਕਲਾਕਾਰਾਂ ਨੇ ਆਪਨੇ ਰਾਗ ਧਿਆਨ ਚਿੱਤਰ ਬਨਾਉਣੇ ਆਰੰਭੇ।

ਗੁਰਮਤਿ ਸੰਗੀਤ ਉਤਸਵ ਦੇ ਦੂਜੇ ਦਿਨ ਮਿਤੀ 12 ਅਕਤੂਬਰ, 2010 ਨੂੰ ਸਵੇਰੇ ਸਾਢੇ ਨੌਂ ਵਜੇ ਬੇਬੇ ਨਾਨਕੀ ਸੰਗੀਤ ਬਾਗ, ਗੁਰਮਤਿ ਸੰਗੀਤ ਭਵਨ ਵਿਖੇ ਵਿਅਕਤੀਗਤ ਸ਼ਬਦ ਗਾਇਨ ਮੁਕਾਬਲੇ (ਜੂਨੀਅਰ ਤੇ ਸੀਨੀਅਰ ਕੈਟਾਗਰੀ) ਨਾਲ ਹੋਇਆ। ਇਨਾਂ ਮੁਕਾਬਲਿਆਂ ਵਿਚ ਪਹੁੰਚੀਆਂ ਟੀਮਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਨਿਰਧਾਰਿਤ ਰਾਗਾਂ ਵਿਚ ਗਾਇਨ ਕੀਤਾ। ਭਾਵੇਂ ਇਹ ਮੁਕਾਬਲੇ 11 ਤੋਂ 25 ਸਾਲ ਦੇ ਕੀਰਤਨੀਆਂ ਲਈ ਉਲੀਕੇ ਗਏ ਸਨ, ਪਰ ਇਸ ਪ੍ਰਤਿਯੋਗਤਾ ਵਿਚ ਅੱਠ ਨੌਂ ਸਾਲ ਦੇ ਬਾਲ ਕੀਰਤਨਕਾਰ ਵੀ ਆਏ ਹੋਏ ਸਨ। ਪ੍ਰਬੰਧਕੀ ਮਜਬੂਰੀਆਂ ਕਰਕੇ ਉਨ੍ਹਾਂ ਨੂੰ ਪ੍ਰਤਿਯੋਗਤਾ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਿਆ ਪਰ ਸਭ ਨੂੰ ਸਟੇਜ 'ਤੇ ਆਪਣਾ ਸ਼ਬਦ

ਗਾਇਨ ਕਰਨ ਦੀ ਸਹਿਮਤੀ ਦਿਤੀ ਗਈ। ਇਨ੍ਹਾਂ ਬਾਲ ਕੀਰਤਨੀਆਂ ਨੇ ਵੀ ਸੰਗਤਾਂ ਤੋਂ ਭਰਪੂਰ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਪ੍ਰਤਿਯੋਗਤਾ ਵਿਚ ਭਾਗ ਲੈਣ ਵਾਲਿਆਂ ਦੀ ਗਿਣਤੀ ਅਨੁਮਾਨ ਤੋਂ ਜ਼ਿਆਦਾ ਹੋਣ ਕਾਰਣ ਸ਼ਾਮ ਦੇ ਦੀਵਾਨ ਸਜਾਉਣ ਵਿਚ ਕੁਝ ਦੇਰੀ ਤਾਂ ਜ਼ਰੂਰ ਹੋ ਗਈ ਪਰ ਇਹ ਆਸ ਜ਼ਰੂਰ ਬੱਝੀ ਕਿ ਭਵਿਖਤ ਪੀੜੀ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿਚ ਪੂਰੀ ਤਨਦੇਹੀ ਨਾਲ ਲੱਗੀ ਹੋਈ ਹੈ। ਵਿਅਕਤੀਗਤ ਸ਼ਬਦ ਗਾਇਨ ਪ੍ਰਤਿਯੋਗਤਾ ਦੇ ਮੁਲਾਂਕਣ ਲਈ ਵਿਸ਼ਵ ਪ੍ਰਸਿਧ ਗੁਰਮਤਿ ਸੰਗੀਤਾਚਾਰੀਆ ਪ੍ਰੋ. ਕਰਤਾਰ ਸਿੰਘ, ਡਾਈਰੈਕਟਰ ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਆਨੰਦਪੁਰ ਸਾਹਿਬ, ਉੱਤਰੀ ਭਾਰਤ ਦੇ ਉਘੇ ਵਿਦਵਾਨ ਸੰਗੀਤਕਾਰ ਤੇ ਅਧਿਆਪਕ ਡਾ. ਹਰਵਿੰਦਰ ਸਿੰਘ ਚੰਡੀਗੜ, ਏ. ਪੀ. ਜੇ. ਕਾਲਜ ਆਫ ਫਾਈਨ ਆਰਟਸ ਦੇ ਸੰਗੀਤ ਵਿਭਾਗ ਦੇ ਮੁਖੀ ਡਾ. ਅਮਿਤਾ ਮਿਸ਼ਰਾ ਪਹੁੰਚੇ ਹੋਏ ਸਨ। ਬੇਬੇ ਨਾਨਕੀ ਸੰਗੀਤ ਬਾਗ ਵਿਚ ਸਾਰਾ ਦਿਨ ਚਲੇ ਇਨ੍ਹਾਂ ਮੁਕਾਬਲਿਆਂ ਵਿਚ ਜੂਨੀਅਰ ਕੈਟਾਗਰੀ ਦੇ ਅੰਤਰਗਤ ਵਿਸ਼ਵਜੀਤ ਕੌਰ, ਮਨਮੀਤ ਕੌਰ ਅਤੇ ਮੁਕੇਸ਼ ਕੁਮਾਰ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਸੀਨੀਅਰ ਕੈਟਾਗਰੀ ਵਿਚ ਸਰਵਨ ਸਿੰਘ, ਸਤਿੰਦਰ ਪਾਲ ਸਿੰਘ ਅਤੇ ਪਵਨਦੀਪ ਕੌਰ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਜੂਨੀਅਰ ਕੈਟਾਗਰੀ ਦੇ ਜੇਤੂ ਕੀਰਤਨਕਾਰਾਂ ਨੂੰ ਸਰਟੀਫਿਕੇਟ, ਮੈਡਲ ਅਤੇ ਸੰਤ ਸੁਜਾਨ ਸਿੰਘ ਜੀ ਦੀਆਂ ਕੀਰਤਨ ਸੀਡੀਆਂ ਦੇ ਨਾਲ ਨਾਲ ਇਕੱਤੀ ਸੋ, ਇੱਕੀ ਸੋ ਅਤੇ ਗਿਆਰ੍ਹਾਂ ਸੋ ਰੁਪੈ ਅਤੇ ਸੀਨੀਅਰ ਕੈਟਾਗਰੀ ਦੇ ਜੇਤੂ ਕੀਰਤਨਕਾਰਾਂ ਨੂੰ ਇਕਵੰਜਾ ਸੋ, ਇਕੱਤੀ ਸੋ ਅਤੇ ਇੱਕੀ ਸੋ ਰੁਪੈ ਦੇ ਨਕਦ ਪੁਰਸਕਾਰਾਂ ਨਾਲ ਸਨਮਾਣਿਤ ਕੀਤਾ ਗਿਆ।

ਇਸੇ ਹੀ ਪੰਡਾਲ ਵਿਚ ਸ਼ਾਮ ਦੇ ਰਹਿਰਾਸ ਸਾਹਿਬ ਦੇ ਪਾਠ ਨਾਲ ਗੁਰਮਤਿ ਸੰਗੀਤ ਸਮਾਗਮ ਦਾ ਆਰੰਭ ਹੋਇਆ। ਰਹਿਰਾਸ ਸਾਹਿਬ ਦਾ ਪਾਠ ਸ. ਜਸਪਾਲ ਸਿੰਘ ਵਲੋਂ ਆਪਣੇ ਵਿਦਿਆਰਥੀਆਂ ਨਾਲ ਮਿਲ ਕੇ ਗਾਇਨ ਰੂਪ ਵਿਚ ਕੀਤਾ ਗਿਆ, ਉਪਰੰਤ ਸ. ਸ਼ਮਿੰਦਰਪਾਲ ਸਿੰਘ ਦੁਆਰਾ ਸਾਰੰਗੀ ਵਾਦਨ ਕੀਤਾ ਗਿਆ। ਕੀਰਤਨ ਦਾ ਆਰੰਭ ਵਿਸ਼ਵ ਪ੍ਰਸਿਧ ਭਾਰਤੀ ਸੰਗੀਤਕਾਰ ਸਿੰਘ ਬੰਧੂ ਸ੍ਰ. ਸੁਰਿੰਦਰ ਸਿੰਘ ਪਦਮਸ੍ਰੀ ਦੁਆਰਾ ਕੀਤਾ ਗਿਆ। ਇਸ ਉਪਰੰਤ ਪ੍ਰੋਫੈਸਰ ਕਰਤਾਰ ਸਿੰਘ, ਡਾਈਰੈਕਟਰ ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਆਨੰਦਪੁਰ ਸਾਹਿਬ ਨੇ ਆਪਨੇ ਵਿਦਿਆਰਥੀਆਂ ਨਾਲ ਕੀਰਤਨ ਦੀ ਹਾਜ਼ਰੀ ਭਰੀ। ਇਸ ਸਮਾਗਮ ਵਿਚ ਬੀਬੀ ਜਸਵਿੰਦਰ ਕੌਰ 'ਦਿੱਲੀ' ਨੇ ਟਕਸਾਲੀ ਰੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੇ ਵਿਸ਼ਵ ਪ੍ਰਸਿਧ ਕੀਰਤਨੀਏ ਭਾਈ ਸਰਬਜੀਤ ਸਿੰਘ ਨੇ ਆਪਨੇ ਕੀਰਤਨ ਨਾਲ ਸੰਗਤਾਂ ਨੂੰ ਜੋੜਿਆ। ਗੁਰਮਤਿ ਸੰਗੀਤ ਸਮਾਗਮ ਦੇ ਪਹਿਲੇ ਦਿਨ ਪ੍ਰਿੰਸੀਪਲ ਬਲਦੇਵ ਸਿੰਘ, ਸੁਲਤਾਨਪੁਰ, ਨੇ ਹਾਜ਼ਰੀ ਲਵਾਈ। ਇਨ੍ਹਾਂ ਕੀਰਤਨ ਸਮਾਗਮਾਂ ਵਿਚ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਤੋਂ ਇਲਾਵਾ ਵਡੀ ਗਿਣਤੀ ਵਿਚ ਵਿਦਿਆਰਥੀ ਕਰਮਚਾਰੀ ਅਤੇ ਅਧਿਆਪਕ ਹਾਜ਼ਰ ਸਨ। ਸਮਾਗਮ ਦੇ ਸਮਾਪਨ 'ਤੇ ਸ੍ਰ. ਅਵਤਾਰ ਸਿੰਘ ਦੀ ਅਗਵਾਈ ਵਿਚ ਗੱਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਇਸ ਉਪਰੰਤ ਗੁਰਦੁਆਰਾ ਸਾਹਿਬ, ਪੰਜਾਬੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਵਲੋਂ ਆਈਆਂ ਸੰਗਤਾਂ ਲਈ ਲੰਗਰ ਵਰਤਾਓਣ ਦੀ ਸੇਵਾ ਕੀਤੀ ਗਈ।

ਤੀਜੇ ਦਿਨ 13 ਅਕਤੂਬਰ 2010 ਦੇ ਸਮਾਗਮਾਂ ਦਾ ਆਰੰਭ ਕਲਾ ਭਵਨ ਵਿਖੇ ਤਾਲ ਸਾਜ਼ ਵਾਦਨ ਦੇ ਮੁਕਾਬਲਿਆਂ ਨਾਲ ਹੋਇਆ। ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਲਈ ਵੱਡੀ ਗਿਣਤੀ ਵਿਚ ਭਾਗੀਦਾਰ ਪਹੁੰਚੇ ਹੋਏ ਸਨ। ਕਲਾ ਭਵਨ ਦੇ ਬਾਹਰ ਖੁਲੇ ਮੈਦਾਨ ਵਿਚ ਪੰਜਾਬ ਦੀਆਂ ਵਿਭਿੰਨ ਸੰਸਥਾਵਾਂ ਦੇ ਕਲਾਕਾਰ ਤਾਲ ਸਾਜ਼ ਵਾਦਨ ਪ੍ਰਤਿਯੋਗਤਾ ਲਈ ਤਿਆਰੀਆਂ ਕਰਦੇ ਹੋਏ ਇਕ ਆਲੌਕਿਕ ਸੰਗੀਤਕ ਮਾਹੌਲ ਸਿਰਜ ਰਹੇ ਸਨ। ਇਨ੍ਹਾਂ ਮੁਕਬਲਿਆਂ ਵਿਚ ਤਰਨਤਾਰਨ, ਗੁਰਦਾਸਪੁਰ, ਜਲੰਧਰ, ਚੰਡੀਗੜ, ਲੁਧਿਆਣਾ, ਸੰਗਰੂਰ, ਫਿਲੌਰ ਆਦਿ ਅਨੇਕਾਂ ਟਕਸਾਲੀ ਅਤੇ ਘਰਾਣੇਦਾਰ ਸੰਗੀਤਕਾਰ ਅਧਿਆਪਕ ਆਪੋ ਆਪਨੇ ਸ਼ਾਗਿਰਦ ਤਿਆਰ ਕਰਕੇ ਲਿਆਏ ਸਨ। ਮੁਕਾਬਲੇ ਵੀ ਬੜੇ ਰੌਚਕ ਸਨ। ਤਾਲ ਸਾਜ਼ ਵਾਦਨ ਹਮੇਸ਼ਾਂ ਲੜਕਿਆਂ ਲਈ ਰਾਖਵਾਂ ਖੇਤਰ ਮੰਨਿਆ ਜਾਂਦਾ ਹੈ, ਪਰ ਇਸ ਵਾਰ ਲੜਕੀਆਂ ਨੇ ਵੀ ਇਸ ਪ੍ਰਤਿਯੋਗਤਾ ਵੰਨਗੀ ਵਿਚ ਉਚ ਦਰਜੇ ਦੀਆਂ ਪੇਸ਼ਕਾਰੀਆਂ ਨਾਲ ਆਪਨੀ ਛਾਪ ਛੱਡੀ। ਇਨ੍ਹਾਂ ਪ੍ਰਤਿਯੋਗੀਆਂ ਦੀ ਕਲਾ ਦੀ ਪਰਖ ਕਰਨ ਲਈ ਪੰਜਾਬ ਘਰਾਣੇ ਦੇ ਸੁਪ੍ਰਸਿਧ ਉਸਤਾਦ ਸਵਰਗਵਾਸੀ ਸ੍ਰੀ ਭਜਨਲਾਲ ਜੀ ਦੇ ਹੋਨਹਾਰ ਸਪੁੱਤਰ-ਸ਼ਾਗਿਰਦ, ਰੇਡੀਓ ਦੇ ਪ੍ਰਵਾਣਿਤ ਕਲਾਕਾਰ ਸ਼੍ਰੀ ਹਰੀਓਮ ਸ੍ਰੀਵਾਤਸਵ ਤੋਂ ਇਲਾਵਾ ਚੰਡੀਗੜ ਤੋਂ ਵਿਦਵਾਨ ਸੰਗੀਤਕਾਰ ਡਾ. ਪਰਮਜੀਤ ਸਿੰਘ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਅਲੀ ਅਕਬਰ, ਗੁਰਮਤਿ ਸੰਗੀਤ ਵਿਭਾਗ ਮੌਜੂਦ ਸਨ। ਤਾਲ ਸਾਜ਼ ਵਾਦਨ ਜੂਨੀਅਰ

ਕੈਟਾਗਰੀ ਦੇ ਮੁਕਾਬਲਿਆਂ ਵਿਚ ਸ਼ਿਵੰਕਰ ਸਿੰਘ, ਪਾਹੁਲਮੀਤ ਸਿੰਘ ਅਤੇ ਹਰਸਿਮਰਤ ਸਿੰਘ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਦਿਆਂ ਸਰਟੀਫਿਕੇਟ, ਮੈਡਲ, ਸੰਤ ਸੁਜਾਨ ਸਿੰਘ ਜੀ ਦੇ ਕੀਰਤਨ ਦੀਆਂ ਸੀਡੀਆਂ ਦੇ ਨਾਲ ਨਾਲ ਇਕੱਤੀ ਸੋ, ਇੱਕੀ ਸੋ ਅਤੇ ਗਿਆਰ੍ਹਾਂ ਸੋ ਰੁਪੈ ਦੇ ਨਗਦ ਪੁਰਸਕਾਰ ਪ੍ਰਾਪਤ ਕੀਤੇ। ਸੀਨੀਅਰ ਕੈਟਾਗਰੀ ਦੇ ਅੰਤਰਗਤ ਜਯੰਤ ਪਾਠਕ, ਲਖਵਿੰਦਰ ਸਿੰਘ ਅਤੇ ਦਲਜੀਤ ਸਿੰਘ ਨੇ ਇਕਵੰਜਾ ਸੋ, ਇਕੱਤੀ ਸੋ ਅਤੇ ਇੱਕੀ ਸੋ ਰੁਪੈ ਦੇ ਨਕਦ ਪੁਰਸਕਾਰ ਜਿੱਤੇ।

ਬੇਬੇ ਨਾਨਕੀ ਬਾਗ ਵਿਚ ਸ਼ਾਮ ਦੇ ਸਮਾਗਮਾਂ ਵਿਚ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਗੁਰਮਤਿ ਸੰਗੀਤ ਵਿਭਾਗ ਦੇ ਅਧਿਆਪਕ ਸ੍ਰ. ਅਮਨਦੀਪ ਸਿੰਘ ਦੁਆਰਾ ਦਿਲਰੁਬਾ ਅਤੇ ਤਾਊਸ ਵਾਦਨ ਕੀਤਾ ਗਿਆ। ਇਸ ਸਮਾਗਮ ਵਿਚ ਬੀਬੀ ਆਸ਼ੂਪ੍ਰੀਤ ਕੌਰ (ਜਲੰਧਰ) ਦੁਆਰਾ ਕੀਰਤਨ ਦਾ ਆਰੰਭ ਕੀਤਾ ਗਿਆ। ਡਾ. ਜਾਗੀਰ ਸਿੰਘ, ਅਮ੍ਰਿਤ ਕੀਰਤਨ ਟ੍ਰੱਸਟ, ਚੰਡੀਗੜ ਦੁਆਰਾ ਕੀਰਤਨ ਰਾਹੀਂ ਇਕ ਆਲੌਕਿਕ ਮਾਹੌਲ ਸਿਰਜਿਆ ਗਿਆ। ਸਾਰੀਆਂ ਸੰਗਤਾਂ ਕੀਰਤਨ ਨਾਲ ਇਕਮਿਕ ਹੋ ਕੇ ਝੁਮ ਰਹੀਆਂ ਸਨ। ਡਾਕਟਰ ਸਾਹਿਬ ਦੇ ਕੀਰਤਨ ਵਿਚ ਸਹਿਜੇ ਗਾਵਿਆ ਥਾਇ ਪਵੈ ਵਾਲੇ ਗੁਰਫੁਰਮਾਨ ਸਾਮੂਰਤ ਹੋ ਰਹੇ ਸਨ। ਇਸ ਉਪਰੰਤ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਸੰਗਤਾਂ ਨੂੰ ਰਾਗਮਈ ਕੀਰਤਨ ਨਾਲ ਜੋੜਿਆ। ਭਾਈ ਸਰਬਜੀਤ ਸਿੰਘ ਰੰਗੀਲਾ ਦਿੱਲੀ ਵਾਲੇ ਵੀ ਪਹੁੰਚੇ ਹੋਏ ਸਨ। ਉਨ੍ਹਾਂ ਦੇ ਕੀਰਤਨ ਨੇ ਸੰਗਤਾਂ 'ਤੇ ਵਿਸ਼ੇਸ਼ ਛਾਪ ਛੱਡੀ। ਸਮਾਗਮ ਦੇ ਅੰਤ ਵਿਚ ਬੀਬੀ ਬਲਜੀਤ ਕੌਰ, ਬਟਾਲਾ ਨੇ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੇ ਸਮਾਪਨ 'ਤੇ ਗਤਕਾ ਪ੍ਰਦਰਸ਼ਨ ਕੀਤਾ ਗਿਆ। ਅਜ ਦੇ ਸਮਾਗਮ ਵਿਚ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੇ ਨਾਲ ਨਾਲ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲੇ ਪਹੁੰਚੇ ਹੋਏ ਸਨ। ਉਨ੍ਹਾਂ ਨੇ ਗੁਰਮਤਿ ਸੰਗੀਤ ਵਿਭਾਗ ਦੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਗੁਰਮਤਿ ਸੰਗੀਤ ਪ੍ਰਤਿਯੋਗਤਾ ਦੇ ਅੰਤਲੇ ਅਤੇ ਗੁਰਮਤਿ ਸੰਗੀਤ ਉਤਸਵ ਦੇ ਚੌਥੇ ਦਿਨ ਮਿਤੀ 14 ਅਕਤੂਬਰ 2010 ਨੂੰ ਸਵੇਰੇ ਨੌ ਵਜੇ ਕਲਾ ਭਵਨ ਵਿਖੇ ਤੰਤੀ ਸਾਜ਼ ਵਾਦਨ ਦੇ ਮੁਕਬਲੇ ਆਯੋਜਿਤ ਕੀਤੇ ਗਏ। ਇਨ੍ਹਾਂ ਮੁਕਾਬਲਿਆਂ ਵਿਚ ਭਾਗੀਦਾਰਾਂ ਦੁਆਰਾ ਗੁਰੂ ਘਰ ਦੁਆਰਾ ਵਰੋਸਾਏ ਹੋਏ ਤੰਤੀ ਸਾਜ਼ਾਂ ਦਾ ਵਾਦਨ ਕੀਤਾ ਗਿਆ, ਜਿਨ੍ਹਾਂ ਵਿਚ ਦਿਲਰੁਬਾ, ਸਾਰੰਗੀ ਦੇ ਨਾਲ ਨਾਲ ਸੰਤੂਰ ਵੀ ਸ਼ਾਮਿਲ ਸੀ। ਨਵੀਂ ਪੀੜੀ ਦੇ ਨੌਜੁਆਨ ਤੰਤੀ ਸਾਜ਼ ਵਾਦਕ ਹੱਥ ਵਿਚ ਤੰਤੀ ਸਾਜ਼ ਫੜੀ ਕਲਾ ਭਵਨ ਨੂੰ ਇਕ ਨਵੀਂ ਦਿਖ ਪ੍ਰਦਾਨ ਕਰ ਰਹੇ ਸਨ। ਇੰਝ ਲਗਦਾ ਸੀ ਕਿ ਗੁਰਮਤਿ ਸੰਗੀਤ ਦੀ ਤੰਤੀ ਸਾਜ਼ ਵਾਦਨ ਪਰੰਪਰਾ ਦੇ ਵਾਰਸ ਆਧੁਨਿਕ ਕੀਰਤਨੀਆਂ ਨੂੰ ਹਾਰਮੋਨਿਯਮ ਦੇ ਨਾਲ ਨਾਲ ਤੰਤੀ ਸਾਜ਼ਾਂ ਵਲ ਧਿਆਨ ਕਰਨ ਦਾ ਮਿੱਠਾ ਸੁਨੇਹਾਂ ਦੇ ਰਹੇ ਹੋਣ। ਪ੍ਰਤਿਯੋਗਤਾ ਦੇ ਮੁਲਾਂਕਣ ਹਿਤ ਪੰਜਾਬ ਦੇ ਵਿਦਵਾਨ ਸੰਗੀਤਕਾਰ ਸ੍ਰੀ ਓਮ ਪ੍ਰਕਾਸ਼ ਥਾਪਰ (ਜਲੰਧਰ) ਅਤੇ ਉਘੇ ਸਿਤਾਰਵਾਦਕ ਸ੍ਰੀ ਪਰਸ਼ੋਤਮ ਮਹਿਤਾ (ਮਲੇਰਕੋਟਲਾ) ਮੌਜੂਦ ਸਨ। ਚਾਰ ਦਿਨਾਂ ਗੁਰਮਤਿ ਸੰਗੀਤ ਪ੍ਰਤਿਯੋਗਤਾ ਦੇ ਕੋ-ਆਰਡੀਨੇਟਰ ਵਜੋਂ ਲੇਖਕ ਨੇ ਕਾਰਜ ਕੀਤਾ। ਇਸ ਪ੍ਰਤਿਯੋਗਤਾ ਵਿਚ ਸਟੇਜ ਸਕੱਤਰ ਵਜੋਂ ਡਾ. ਜਸਬੀਰ ਕੌਰ ਲੇਖਕ ਦੇ ਨਾਲ ਸਹਿਯੋਗ ਕਰਦੇ ਰਹੇ ਜਿਸ ਲਈ ਉਨ੍ਹਾਂ ਦਾ ਬਹੁਤ ਬਹੁਤ ਧਨਵਾਦ ਹੈ।

ਗੁਰਮਤਿ ਸੰਗੀਤ ਪ੍ਰਤਿਯੋਗਤਾ ਦੇ ਇਨਾਮ ਵੰਡ ਸਮਾਰੋਹ ਵਿਚ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲੇ ਵਿਸ਼ੇਸ਼ ਰੂਪ ਵਿਚ ਸ਼ਾਮਲ ਹੋਏ। ਇਨਾਮ ਵੰਡ ਸਮਾਰੋਹ ਦੇ ਆਰੰਭ ਵਿਚ ਡਾ. ਗੁਰਨਾਮ ਸਿੰਘ ਨੇ ਵਿਭਾਗ ਦੁਆਰਾ ਕੀਤੇ ਜਾ ਰਹੇ ਕਾਰਜਾਂ ਦਾ ਵੇਰਵਾ ਪ੍ਰਸਤੁਤ ਕੀਤਾ। ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੇ ਗੁਰਮਤਿ ਸੰਗੀਤ ਵਿਭਾਗ ਵਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ 'ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਦਾ ਕੇਵਲ ਇਕ ਵਿਭਾਗ ਹੀ ਨਹੀਂ ਸਗੋਂ ਯੂਨੀਵਰਸਿਟੀ ਦੇ ਅੰਦਰ ਇਕ ਮਿਨੀ ਯੂਨੀਵਰਸਿਟੀ ਦਾ ਰੂਪ ਧਾਰਨ ਕਰ ਚੁਕਿਆ ਹੈ। ਉਨ੍ਹਾ ਕਿਹਾ ਕਿ ਵਿਸ਼ਵ ਵਿਚ ਕਿਤੇ ਵੀ ਐਨਾ ਉੱਚ ਪੱਧਰੀ ਕਾਰਜ ਨਹੀਂ ਹੋ ਰਿਹਾ ਜੋ ਗੁਰਮਤਿ ਸੰਗੀਤ ਵਿਭਾਗ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਲੀਡ ਕਰ ਰਿਹਾ ਹੈ।

ਗੁਰਮਤਿ ਸੰਗੀਤ ਉਤਸਵ ਦੇ ਪੰਜਵੇਂ ਦਿਨ ਉਤਸਵ ਦਾ ਸਮਾਪਨ ਰਾਗ ਧਿਆਨ ਚਿੱਤਰਮਾਲਾ ਦੇ ਕਲਾਕਾਰਾਂ ਦੇ ਸਨਮਾਨ ਨਾਲ ਹੋਇਆ। ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਰਾਜਸਥਸਨ ਤੋਂ ਆਏ ਹੋਏ ਕਲਾਕਾਰਾਂ ਅਤੇ ਗੁਰਮਤਿ ਸੰਗੀਤ ਉਤਸਟ ਵਿਚ ਸਹਿਯੋਗੀਆਂ ਦਾ ਮਿਮੈਂਟੋ ਦੇ ਕੇ ਸਨਮਾਨ ਕੀਤਾ।

ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# Purpose of Going To Gurdwara

**Sumeet Kaur**

Many people ask that "Is God present only in Gurudwaras and not other places?" So, people are curious to know the purpose of going to the Gurudwara. So let us think over these questions and find an answer.

The purpose of our bani is to elevate the down-trodden, negative mortal and raise him high in spirituality. Actually man is not separated from God at all. If man tries to understand the truth, he will automatically realise God.

So, the major purpose of going to a Gurudwara is learn a lesson in humanity. So it is like going to school which teaches us elevate and uplift our lives by sitting with Sadh Sangat, listening to Gurbani and practically following it in our lives. So when we sit in Sadh Sangat, listen to the Shabad, we will soon know that God is present every-where and not only in Gurudwara. As Gubani Says:-

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ।
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ।।
ਗੁਰੂ ਦੁਆਰੈ ਹੋਇ ਸੋਝਿ ਪਾਇਸੀ।
ਏਤੁ ਦੁਆਰੇ ਧੋਇ ਹਛਾ ਹੋਇਸੀ। (SGGS-Pg 730)

Here ਭਾਂਡਾ means our body, so Guru ji says that body is acceptable, which loves the lord, but we go to holy places, take a dip in the holy water and think, we have become pure, but actually our mind is not clean, so its of no use. In Japji Sahib, Guruji gives us an answer:

ਭਰੀਐ ਹਥੁ ਪੈਰ ਤਨੁ ਦੇਹ।।
ਪਾਣੀ ਧੋਤੈ ਉਤਰਸੁ ਖੇਹ।।......
ਓਹੁ ਧੋਪੈ ਨਾਵੈ ਕੇ ਰੰਗਿ।।

means, if our outer body is covered with dirt, we wash with soap and water, but if our mind is dirty, how do we clean? Answer is, we have to feed our mind with true knowledge, positively and spiritual knowledge. Most of us think that, more rituals a person does, more religious he is, but our Guru Granth Sahib says beautifully that:

ਕਬੀਰ ਕਹਾ ਗਿਆਨੁ ਤਹ ਧਰਮੁ ਹੈ (SGGS-Pg. 1372)

means to become religious we need true knowledge because it will teach us the difference between true and false. So, wehave to understand that we have our bani, our shabad which we have to search, studyand once we start our search, we will automatically start gaining true knowledge. But most of us go to the Gurudwara but do not get true knowledge and are struck in all sorts of rituals. But we should not lose hope because may be one day mortal will start getting positively and true knowledge and our mind is cleaned. But if our mind is dirty Gurbani cleverly tells us:-

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨਾ ਹੋਇ।।

(SGGS-Page 558)

so we go to the Gurudwara to clean our mind, but unless we clean our mind, so its of no use that we keep our outer body clean. Keep positive thoughts and automatically the mind is cleaned. There is a question in Japji Sahib:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।

meaning, what should be done to break the barrier between man and God. There is wall of falsehood of falshood how can we break it? We have to break with the help of Bani, Shabad (Get True Knowledge). But what is the use of bowing our heads, if we don't be receptive to the truth which is in the Bani. Gurbani says and gives us the answer:

ਸਤਿਗੁਰ ਨੋ ਸਭ ਕੋ ਵੇਖਦਾ ਜੇਤਾ ਜਗਤੁ ਸੰਸਾਰ।।
ਡਿਠੈ ਮੁਕਤਿ ਨ ਹੋਵਸੀ ਜਿਚਰੁ ਸਬਦਿ ਨ ਕਰੇ ਵੀਚਾਰੁ।।

(Pg 594)

So we get a clean answer as to how we can break the wall, cleanse our mind and it is by Shabad Vichar so it is extremely imported to reflect on the Shabad.

Many people who visit the Gurudwara sit and listen to the Shabad and we should all be extremely grateful to the organisers who do the following important things for the Sangat.

1) Arrange for langer : So that we may not have to go home and cook so isn't it our duty to sit and listen to the shabad?

2) Arrange for the safety of our footwear.

3) Arrange for a comfortable seating with lights, fans, loudspeakers etc.

4) Arrange for Ragis, Kirtaniyas and Pracharaks.

5) In the rain, the outer area is covered

In fact these are so many other comforts which we get and we are so thankless that we don't listen to the Guru's word & if we do liste, the Prabhandaks would be so happy too. Gurbani says:

ਸੇਵਕ ਸਿਖ ਪੂਜਣ ਸਭ ਆਵਹਿ ਸਭ ਗਾਵਹਿ ਹਰਿ ਹਰਿ ਊਤਮ ਬਾਣੀ।।
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ।।

(Page 669)

means, all of us come to the Gurudwara, listen, sing, read but listening, singing, reading is acceptable only if we follow the Guru's instructions in our practical daily living.

The purpose of Prabhandaks creating an environment like this is so that we listen to his world, sit together discuss the truth, help each other. Most people think that God exists only in 4 walls of the Gurudwara,but it is not so. Because if we listen to Gurbani carefully, we will understand his omni-presence. But for most it is a rituals, we really do not listen to the Bani.

Now what is true knowledge? And how can we get it?. The answer is reflecting on the Shabad is True Knowledge. Gurbani Says:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।।

(Page 982)

Bani tells us about Guru. "Guru" means "Art of Living" "Way of Living", "The Truth" the knowledge which only we can get from shabad and it cleanses our soul. We will find God within ourselves, we will find that he is always with us. So if we go to the Gurudwara and attach our self to stones and we don't reflect on the shabad we will never get true knowledge. So the function or the aim of a Gurudwara will be solved only if we reflect on the Guru's word, otherwise all other things become useless. Our Panthic Rehat Maryada tells us that only bani from the Guru Granth Sahib ji must be reflected & the sangat gets total truth and nothing but the truth.

ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।। (ਭਾਈ ਗੁਰਦਾਸ ਜੀ, ਵਾਰ 9, ਪਉੜੀ 27)

In the above line Bhai Gurdas ji says that "Guru Nanak Dev ji wanted that every man has the right to true knowledge which he can purify his soul so we have to develop good qualities which will give us Godly qualities.

Finally, we have to change our objective of going to the Gurudwara, not just eating langar, adorning our holy book with Roomalas, go to satisfy our needs, ask God for materialistic things and above all gossiping & if we continue our life is a waster. Gurbani says.

ਤੀਰਥਿ ਨਾਵਣ ਜਾਉ, ਤੀਰਥ ਨਾਮੁ ਹੈ।।

ਤੀਰਥੁ ਸਬਦ ਵੀਚਾਰੁ ਅੰਤਰਿ ਗਿਆਨ ਹੈ

(SGGS Pg. 687)

Means, Guruji tell man to absorb true knowledge, become a role model, you will be one with God and you can break the barriers of falsehood and forever be true.

RH # 4, Konark Poonam,
Kondhwa, Pune 48, Mobile : 9822033098

ਮਲੋਟ ਤੋਂ ਪ੍ਰੋ: ਮੰਗਤ ਸਿੰਘ ਮਸਤਾਨਾ ਖਬਰ ਦਿੰਦੇ ਹਨ ਕਿ ਸਿੱਖ ਚੇਤਨਾ ਵੈਲਫੇਅਰ ਸੁਸਾਇਟੀ ਮਲੋਟ, ਦੀ ਦੁਬਾਰਾ ਚੋਣ ਕੀਤੀ ਗਈ ਜਿਸ ਵਿਚ ਹੇਠ ਲਿਖੇ ਅਹੁਦੇਦਾਰ ਚੁਣ ਗਏ। ਸਰਪ੍ਰਸਤ ਗਿਆਨੀ ਰੂਪ ਸਿੰਘ ਰਸੀਲਾ, ਪ੍ਰਧਾਨ ਪ੍ਰੋ: ਮੰਗਤ ਸਿੰਘ ਮਸਤਾਨਾ, ਮੀਤ ਪ੍ਰਧਾਨ ਭਾਈ ਜਗਸੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਗਿਆਨੀ ਗੁਰਮੇਲ ਸਿੰਘ, ਸਕੱਤਰ ਭਾਈ ਜਗਦੇਵ ਸਿੰਘ, ਜਨਰਲ ਸਕੱਤਰ ਭਾਈ ਤੀਰਥ ਸਿੰਘ ਸਾਂਤ, ਪ੍ਰੈਸ ਸਕੱਤਰ ਭਾਈ ਚਰਨਜੀਤ ਸਿੰਘ ਖਾਲਸਾ ਕਨੇਡਾ ਵਾਲੇ, ਪ੍ਰਚਾਰ ਸਕੱਤਰ ਗਿਆਨੀ ਭੋਲਾ ਸਿੰਘ ਪੰਛੀ, ਖਜਾਨਚੀ ਭਾਈ ਕਰਮ ਸਿੰਘ ਅਤੇ ਹੇਠ ਲਿਖੇ ਮੈਂਬਰ ਚੁਣੇ ਗਏ : ਭਾਈ ਦਵਿੰਦਰ ਸਿੰਘ ਬਾਜੁਕ, ਜੱਥੇਦਾਰ ਕ੍ਰਿਪਾਲ ਸਿੰਘ, ਭਾਈ ਸੁਖਦੇਵ ਸਿੰਘ, ਗਿਆਨੀ ਹਰਬੰਸ ਸਿੰਘ ਹੀਰਾ, ਗਿਆਨੀ ਕਰਨੈਲ ਸਿੰਘ ਨਿਰਮਲ, ਗਿਆਨੀ ਗੁਰਮੀਤ ਸਿੰਘ ਬਾਹੋ ਜਾਤਰੀ, ਭਾਈ ਅਜੈਬ ਸਿੰਘ ਛੋਟੀ ਬਾਹੋ, ਗਿਆਨੀ ਅਰਵਿੰਦਰ ਸਿੰਘ ਮੂਲਿਆ ਵਾਲੀ, ਭਾਈ ਚਰਨਜੀਤ ਸਿੰਘ ਮੂਲਿਆ ਵਾਲੀ, ਗਿਆਨੀ ਮਹਿੰਦਰ ਸਿੰਘ ਅਰਨੀ ਵਾਲ, ਭਾਈ ਹਰਜੀਤ ਸਿੰਘ ਅਰਨੀ ਵਾਲਾ, ਭਾਈ ਮੋਹਣ ਸਿੰਘ ਅਰਨੀਵਾਲਾ, ਭਾਈ ਮਲਕੀਤ ਸਿੰਘ ਗੁਰਦੁਆਰਾ ਭਾਈ ਹਿੰਮਤ ਸਿੰਘ ਮਲੋਟ, ਭਾਈ ਲਖਵਿੰਦਰ ਸਿੰਘ ਮੁਤਿਆਰਾ ਖੇੜਾ, ਭਾਈ ਬਲਕਰਨ ਸਿੰਘ ਜੀ ਬੋਦੀਵਾਲਾ, ਰਾਗੀ ਚਮਕੌਰ ਸਿੰਘ, ਭਾਈ ਗੁਰਮੁਖ ਸਿੰਘ ਪਿੰਡ ਮਲੋਟ, ਭਾਈ ਜਗਪਾਲ ਸਿੰਘ ਰਾਗੀ, ਭਾਈ ਗੁਰਪ੍ਰੀਤ ਸਿੰਘ ਦਾਨੇਵਾਲਾ, ਭਾਈ ਸੁਰਜੀਤ ਸਿੰਘ ਸ਼ਾਂਤ, ਭਾਈ ਸੁਖਦੇਵ ਸਿੰਘ ਗੁਰਦੁਆਰਾ ਬਾਬਾ ਜੀਵਨ ਸਿੰਘ, ਭਾਈ ਗੁਰਦੀਪ ਸਿੰਘ ਵਣਵਾਲਾ, ਭਾਈ ਗੁਰਤੇਜ ਸਿੰਘ ਖਿਉਵਾਲੀ ਅਤੇ ਭਾਈ ਛਿੰਦਰ ਸਿੰਘ ਰਾਗੀ ਆਦਿਕ।

**Now you can read Amrit Kirtan & Download Kirtan of Dr. Jagir Singh from www.amritkirtan.com**

**Send this information to your friends**

# ਰਾਗ - ਗੋਂਡ

## ਨਰਿੰਦਰ ਕੌਰ

ਥਾਟ - ਬਿਲਾਵਲ ਜਾਤੀ- ਸੰਪੂਰਨ

ਵਾਦੀ - ਸ (ਸ਼ੜਜ) ਸੰਵਾਦੀ - ਮ (ਮਧਿਅਮ)

ਸਮਾਂ - ਦਿਨ ਦਾ ਦੂਜਾ ਪਹਿਰ

ਅਰੋਹ - ਸ ਰੇ ਗ ਮ, ਪ, ਧ ਨੀ ਧ ਸਂ।

ਅਵਰੋਹ - ਸਂ ਨੀ ਧ ਨੀ ਪ, ਮ ਗ ਰੇ ਸ। ਪਕੜ - ਰੇ ਗ ਮ, ਪ ਮ, ਮ ਪ, ਨੀ ਧ

(ਮੁੱਖ ਅੰਗ) ਨੀ ਸਂ, ਨੀ ਧ ਨੀ ਪ, ਧ ਮ,ਮ ਪ ਮ ਗ ਰੇ ਸ।

## ਤਿੰਨ ਤਾਲ

ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | | | ਰੇ | ਗ |
| | | | | | | | | | | | | | | ਮੋ | ਕਓ |
| ਮ | - | - | ਗ | ਪ | - | ਪ | ਧ | -ਪ | ਮਗ | ਰੇਪ | ਮ | ਗ | - | - | - |
| ਤਾ | s | s | ਰ | ਲੇ | s | ਰਾ | ਮਾ | ss | ਤਾs | ss | ਰ | ਲੇ | s | s | s |
| - | ਪ | - | ਪ | ਪਨੀ | ਧ | ਨੀ | ਨੀ | ਰੇਂਸਂ | ਸਂ | ਸਂ | ਸਂਨੀ | ਧ | ਨੀ | ਧ | ਪ |
| s | ਮੈ | s | ਅ | ਜਾs | ਨ | ਜ | ਨ | s | ਤਰ | ਬੇ | ਨs | ਜਾ | s | ਨ | ਓ |
| - | ਸਂ | - | ਸਂ | ਨੀ | ਨੀ | ਧ | ਮ | - | ਮ | - | ਮ | ਮਧ | ਪ | ਮ | - |
| s | ਬਾ | s | ਪ | ਬੀ | ਠ | ਲਾ | s | s | ਬਾ | s | ਹ | ਦੇ | s | s | s |
| - | ਸਂ | - | ਸਂ | ਨੀ | ਨੀ | ਧ | ਮ | - | ਪ | ਧ | ਪ | ਮਗ | ਰੇਸ | | |
| s | ਬਾ | s | ਪ | ਬੀ | ਠ | ਲਾ | s | s | ਬਾ | s | ਹ | ਦੇs | ss | | |

ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| - | - | ਗਪ | ਪ | ਨੀ | ਧ | ਨੀ | ਰੇਂ | ਸਂ | - | ਸਂ | ਸਂਨੀ | ਧ | ਨੀ | ਧ | ਪ |
| s | s | ਨਰ | ਤੇ | ਸੁ | ਰ | ਹੋ | ਏ | ਜਾ | s | ਤ | ਨਿs | ਮ | ਖ | ਮੈਂ | s |
| - | ਸਂਸਂ | ਨੀ | ਨੀ | ਧ | ਧ | ਪ | ਮ | ਧ | -ਪ | ਮਗ | ਪਮ | - | - | - | - |
| s | ਸਤ | ਗੁ | ਰ | ਬੁ | ਧ | ਸਿ | ਖ | ਲਾ | ss | ਈs | ss | s | s | s | s |
| - | ਮਂ | ਮਂ | ਮਂ | - | ਗਂ | ਰੇਂ | ਸਂਨੀ | ਧ | ਧ | ਨੀ | ਸਂਗਂ | ਰੇਂ | ਰੇਂ | ਸਂ | - |
| s | ਨਰ | ਤੇ | s | s | ਉਪ | ਜ | ss | s | ਸੁਰ | ਗ | ਕਉ | ਜੀ | ਤਿ | ਓ | ਤ |
| - | ਸਂ | - | ਨੀ | ਧ | ਧ | ਪ | ਮ | - | ਪ | ਧ | ਪ | ਮਗ | ਰੇਸ | | |
| s | ਸੋ | s | ਅਵ | ਖ | ਦ | ਮੈਂ | s | s | ਪਾ | s | s | ਈs | ss | | |

**ਅਗਲਾ ਅੰਤਰਾ ਵੀ ਇਸੇ ਧੁਨ ਉੱਪਰ ਗਾਉਣਾ ਜੀ। ਇਹ ਧੁਨ ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਨੇ ਗਾਈ ਹੋਈ ਹੈ।**

**Lecturer in Music (V) Arya College, Pathankot M : 9417719798**

ਅੰਗ ੮੭੩

ang 873
Page 873

ਗੋਂਡ ॥

godd
Gond:

ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥

mo ko thaar lae raamaa thaar lae
Carry me across, O Lord, carry me across.

ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ ॥੧॥ ਰਹਾਉ ॥

mai ajaan jun tharibae n jaano baap beethulaa baah dhae
I am ignorant, and I do not know how to swim. O my Beloved Father, please give me Your arm. ||1||Pause||

ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥

nur thae sur hoe jaath nimukh mai sathigur budh sikhulaaee
I have been transformed from a mortal being into an angel, in an instant; the True Guru has taught me this.

ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ ॥੧॥

nur thae oupaj surug ko jeethiou so avukhudh mai paaee
Born of human flesh, I have conquered the heavens; such is the medicine I was given. ||1||

ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ ॥

jehaa jehaa dhooa naarudh ttaekae naik ttikaavuhu mohi
Please place me where You placed Dhroo and Naarad, O my Master.

ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜ ਮਤਿ ਏਹ ॥੨॥੩॥

thaerae naam avilunb buhuth jun oudhurae naamae kee nij math eaeh
With the Support of Your Name, so many have been saved; this is Naam Dayv's understanding. ||2||3||

# MUSICOLOGICAL STUDY OF GURU GRANTH SAHIB

(As the basic scripture of Gurmat Music)

**Dr. Gurnam Singh**

The divine poetry of Guru Granth Sahib called Bani in common parlance, is a great contribution of the Gurus to the global fraternity. This Bani has a significance of its on in the whole scriptural literature, because of its attributes of universality and an inlaid spirit of cosmic consciousness. This holy scripture is not only venerable for the followers of Sikhism only but commands the obeisance of all because it enshrines the mystic treasure of five centuries in Indian spiritual tradition. There are a number of religions scriptures in the world which contain the recitations of the concerned religious masters and even their disciples. But Guru Granth Sahib is the only scripture which is bejeweled with the gems of divine utterances made by the masters belonging to various other faiths, castes and regions. We are proud have to in the original language in which it was written and we revere it as the Guru incarnate.

Guru Granth Sahib occupies a unique position in the world of music as well. This Granth embodies the dominant molif of the tradition of Indian music which depics salvation (Moksha) as the ultimate goal of music. A part of music belonging to North Indian music is based on this Granth because it is the fountainhead of the Sikh religion and the study of its Bani (which is the embodiment of theory, history, Ragas on singing forms of 500 years) cannot understood without comprehending firth the importance and uniqueness of this Granth. Therefore, if we have to complete the history of ten years of Indian music, then a study of Guru Granth Sahib and history is indispensable.

Guru Granth Sahib was compiled by the fifth Guru Arjun Dev in 1604 A.D. It was calligraphed by Bhai Gurdas, a great scholar and poet of his times, Guru Arjun Dev, accomplished the historical task of compilation by including the Bani of the first four Gurus, his predecessors, beside the Bani of some other spiritual skyscrapers. The tenth guru Gobind Singh later included the Bani of Guru Teg Bahadur in it. He exalted this scripture to the status of living Guru in 1708.

The Spiritual Poets of Guru Granth Sahib

The poets whose spiritual poetry (Bani) is included in Guru Granth Sahib have been enumerated below

The Gurus

| | | | |
|---|---|---|---|
| (1) | Guru Nanak Dev (Mahala 1) | (2) | Guru Angad Dev (Mahala 2) |
| (3) | Guru Amar Dass (Mahala 3) | (4) | Guru Ram Dass (Mahala 4) |
| (5) | Guru Arjun Dev (Mahala 5) | (6) | Guru Teg Bahadur (Mahala 9) |

The Saint Poets

| | | | |
|---|---|---|---|
| (1) | Bhagat Jai Dev (Bengal) | (2) | Sheik Farid (Vill. Kotiwal Distt. Multan) |
| (3) | Bhagat Nam Dev (Maharashtra) | (4) | Trilochan (Maharashtra) |
| (5) | Swami Ramanand | (6) | Kabir |
| (7) | Beni | (8) | Sadna (Sindhi city Sehwan) |
| (9) | Sain | (10) | Peepa |
| (11) | Dhanna (Rajasthan) | (12) | Bhikhan (Kakeri near Lucknow) |
| (13) | Ravi Dass (Kanshi ) | (14) | Parmanand |
| (15) | Sur Dass | (16) | Sunder |

The Rababis : (1) Bhai Satta (2) Bhai Balwand

The Bhatt Poets

| | | | | | | | |
|---|---|---|---|---|---|---|---|
| (1) | Kallath | (2) | Jalap | (3) | Keerat | (4) | Sallaya |
| (5) | Bhallaya | (6) | Nanaya | (7) | Bhikha | (8) | Parmanand |
| (9) | Bal Haribans | (10) | Mathra | (11) | Kalsahar | (12) | Jalaya Dass |
| (13) | Sewak | (14) | Reeg | (15) | Tanaya | (16) | Gayand |

**Professor & Head Deptt. of Gurmat Sangeet, Punjab University, Patiala**

Postal Regd. No. G/CDH/0045/2009-10 RNI Regd. No. 46788/89 ISSN 0972-2335

